ਲੜੀ ਨੰ: 63

ੴ ਸਤਿਗੁਰ ਪ੍ਰਸਾਦਿ ।

ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ।

ਦੀਨੇ
ਤੋਂ
ਸਾਬੋ ਕੀ ਤਲਵੰਡੀ

ਗੁਰੂ ਨਾਨਕ ਮਿਸ਼ਨ
ਪਟਿਆਲਾ ।

ਭੇਟਾ : 26 ਪੈਸੇ

ਗੁਰੂ ਨਾਨਕ ਮਿਸ਼ਨ

ਗੁਰੂ ਨਾਨਕ ਮਿਸ਼ਨ ਪਟਿਆਲਾ ਛੋਟੇ ੨ ਟ੍ਰੈਕਟਾਂ ਰਾਹੀਂ ਗੁਰਮਤਿ ਸਾਹਿਤ ਤੇ ਗੁਰ ਇਤਿਹਾਸ ਪ੍ਰਕਾਸ਼ਤ ਕਰਨ ਦੇ ਆਸ਼ੇ ਨਾਲ ਹੋਂਦ ਵਿਚ ਆਇਆ ਸੀ ਅਤੇ ਹੁਣ ਤਕ ਇਹ ਤ੍ਰੇਹਟ (63) ਟ੍ਰੈਕਟ ਕਈ ਦੋ ਦੋ ਤਿੰਨ ਤਿੰਨ ਵਾਰ ਪ੍ਰਕਾਸ਼ਤ ਕਰ ਚੁਕਾ ਹੈ। ਪਿਛਲੇ ਸਾਲ ਮਿਸ਼ਨ ਨੇ ਫੈਸਲਾ ਕੀਤਾ ਸੀ ਕਿ ਟ੍ਰੈਕਟ ਲੜੀ ਨੂੰ ਜਾਰੀ ਰਖਦੇ ਹੋਏ ਵਡੇਰੇ ਆਕਾਰ ਦੀਆਂ ਗੁਰਮਤਿ ਪੁਸਤਕਾਂ ਭੀ ਪ੍ਰਕਾਸ਼ਤ ਕੀਤੀਆਂ ਜਾਣ, ਇਸ ਫੈਸਲੇ ਅਨੁਸਾਰ ਪਿਛਲੇ ਮਾਰਚ ਵਿਚ ਪਹਿਲੀ ਵਡੀ ਪੁਸਤਕ 'ਨਾਨਕ ਨਿਰਮਲ ਪੰਥ ਚਲਾਇਆ' ਪ੍ਰਕਾਸ਼ਤ ਕੀਤੀ ਗਈ ਸੀ ਜੋ ਹੁਣ ਤਕ ਸਾਰੀ ਦੀ ਸਾਰੀ ਵਿਕ ਚੁਕੀ ਹੈ। ਮਿਸ਼ਨ ਦੀ ਦੂਜੀ ਪੁਸਤਕ 'ਗੁਰੂ ਨਾਨਕ ਮਾਰਗ' ਪੰਜਾਬ ਸ੍ਰਕਾਰ ਦੇ ਭਾਸ਼ਾ ਵਿਭਾਗ ਨੇ ਮਿਸ਼ਨ ਪਾਸੋਂ ਲੈ ਕੇ ਪ੍ਰਕਾਸ਼ਤ ਕੀਤੀ ਹੈ, ਇਸ ਨੂੰ ਪੜ੍ਹਣ ਦੇ ਚਾਹਵਾਨ ਸਜਣ ਇਹ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਪਾਸੋਂ ਜਾਂ ਵਿਭਾਗ ਦੇ ਜ਼ਿਲਾ ਭਾਸ਼ਾ ਅਫ਼ਸਰਾਂ ਪਾਸੋਂ ਖ੍ਰੀਦ ਸਕਦੇ ਹਨ।

ਤੀਜੀ ਪੁਸਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਜਲਦੀ ਹੀ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਭਾਵੇਂ ਇਹ ਸੰਖੇਪ ਤੌਰ ਸ੍ਰੀ ਦਸਮੇਸ਼ ਜੀ ਦੀ ਜੀਵਨ ਕਥਾ ਭੀ ਹੈ ਪਰ ਇਸ ਵਿਚ ਵਧੇਰਾ ਜਤਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਵਡਿਆਈ ਨੂੰ ਕਈ ਵਿਸ਼ੇਸ਼ ਪੱਖਾਂ ਤੋਂ ਉਜਾਗਰ ਕਰਨਾ ਹੈ। ਹੱਥ ਵਿਚਲਾ ਟ੍ਰੈਕਟ ਨੰ: 63 ਇਸ ਪੁਸਤਕ ਦਾ ਹੀ ਇਕ ਛੋਟਾ ਜੇਹਾ ਭਾਗ ਹੈ ਜਿਸ ਤੋਂ ਸਤਿਗੁਰੂ ਜੀ ਦਾ ਅਕਾਲ ਭਰੋਸਾ, ਆਪ ਦੀ ਸਦੀਵੀ ਚੜ੍ਹਦੀ ਕਲਾ, ਆਪ ਦਾ ਨਿਰਭਉ ਨਿਰਵੈਰ ਸਿਧਾਂਤ ਅਤੇ ਆਪ ਦੇ ਬਖਸ਼ੇ ਅੰਮ੍ਰਿਤ ਦੀ ਵਡਿਆਈ ਉਜਾਗਰ ਹੁੰਦੀ ਹੈ। ਇਹ ਟ੍ਰੈਕਟ 'ਵਰਿਆਮ ਇਕੇਲਾ' ਪੁਸਤਕ ਦਾ ਇਕ ਛੋਟਾ ਜੇਹਾ ਚਿਤਰ ਹੀ ਹੈ।

ਨਰੈਣ ਸਿੰਘ ਸਕੱਤਰ

ੴ ਸਤਿਗੁਰ ਪ੍ਰਸਾਦਿ ।

ਸਤਿਗੁਰੂ ਗੋਬਿੰਦ ਸਿੰਘ ਜੀ ਕੁਝ ਸਮਾਂ ਰਾਇ ਕੱਲ੍ਹੇ ਪਾਸ ਠਹਿਰੇ, ਉਪ੍ਰੰਤ ਆਪ ਦੀਨੇ ਚਲੇ ਗਏ । ਇਸ ਥਾਉਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਦੇ ਅਨਿੰਨ ਸੇਵਕ ਭਾਈ ਜੋਧ ਰਾਇ ਦੇ ਪੁਤਰਾਂ—ਸ਼ਮੀਰਾ, ਲਖਮੀਰਾ, ਤੇ ਤਖਤ ਮਲ ਨੇ ਆਪ ਦੀ ਵਡੀ ਸੇਵਾ ਕੀਤੀ। ਹੁਣ ਤਕ ਸਤਿਗੁਰੂ ਜੀ ਦੇ ਇਸ ਇਲਾਕੇ ਅੰਦਰ ਵਿਚਰਨ ਦੀਆਂ ਖਬਰਾਂ ਦੂਰ ਨੇੜੇ ਸਿੰਘਾਂ ਪਾਸ ਪੁਜ ਗਈਆਂ ਸਨ, ਜਿਸ ਲਈ ਸਿੰਘ ਆਪ ਦੇ ਦਰਸ਼ਨਾਂ ਨੂੰ ਆਉਣੇ ਸ਼ੁਰੂ ਹੋ ਗਏ । ਭਾਈ ਰੂਪਾ ਜੀ ਦੇ ਘਰਾਣੇ ਵਿਚੋਂ ਭਈ ਪਰਮ ਸਿੰਘ ਤੇ ਭਾਈ ਧਰਮ ਸਿੰਘ ਜੀ ਭੇਟਾ ਲੈ ਕੇ ਹਾਜ਼ਰ ਹੋਏ । (ਭਾਈ ਸਾਹਿਬ ਜੀ ਬਾਗੜੀਆਂ ਜਿਨ੍ਹਾਂ ਦੇ ਬਜ਼ੁਰਗ ਭਾਈ ਰੂਪੇ ਉਪਰ ਗੁਰ ਸਿਖੀ ਦੀ ਬਖਸਸ਼ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਵਲੋਂ ਹੋਈ ਸੀ, ਇਸੇ ਘਰਾਣੇ ਵਿਚੋਂ ਹਨ ਇਨ੍ਹਾਂ ਅੰਦਰ ਸਤਿਗੁਰੂ ਦੀ ਬਖਸ਼ਸ਼ ਦੇ ਫਲ ਸਰੂਪ ਗੁਰ ਸਿਖੀ ਦਾ ਬੂਟਾ ਉਸੇ ਤਰ੍ਹਾਂ ਮਉਲਦਾ ਆ ਰਿਹਾ ਹੈ) ।

ਜ਼ਫਰਨਾਮਾ

ਚਮਕੌਰ ਦੇ ਜੁਧ ਮਗਰੋਂ ਸਤਿਗੁਰੂ ਜੀ ਨੇ ਇਕ ਚਿਠੀ ਬਾਦਸ਼ਾਹ ਔਰੰਗਜ਼ੇਬ ਦੇ ਨਾਮ ਲਿਖ ਘਲੀ ਸੀ ਜਿਸ ਦਾ ਬਾਦਸ਼ਾਹ ਵਲੋਂ ਉਤਰ ਆਪ ਨੂੰ ਦੀਨੇ ਹੀ ਮਿਲਿਆ ਸੀ। ਉਸ ਦੇ ਜਵਾਬ ਵਿਚ ਗੁਰੂ ਜੀ ਨੇ ਇਕ ਲੰਬੀ ਚਿਠੀ ਲਿਖੀ ਜਿਸ ਦਾ ਨਾਮ ਆਪ ਨੇ 'ਜ਼ਫਰਨਾਮਾ' ਅਥਵਾ 'ਫਤਹ ਦੀ ਚਿਠੀ' ਧਰਿਆ । ਇਹ ਫਾਰਸੀ ਬੋਲੀ ਅੰਦਰ ੧੧੧ ਸ਼ੇਅਰਾਂ ਵਿਚ ਲਿਖੀ ਹੋਈ ਹੈ। ਜਿਸ ਤਰਾਂ ਇਸ ਦੇ ਨਾਮ ਤੋਂ ਸਪਸ਼ਟ ਹੈ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਸਦੀਵੀ ਚੜ੍ਹਦੀ ਕਲਾ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਦੇ ਅੰਦਰ ਪ੍ਰਗਟਾਏ ਕੁਝ ਨੁਕਤੇ ਵਿਸ਼ੇਸ਼ ਧਿਆਨ ਯੋਗ ਹਨ :

1. ਪਹਿਲੀ ਗੱਲ ਜੋ ਸਤਿਗੁਰੂ ਬਾਦਸ਼ਾਹ ਨੂੰ ਨਿਸਚੇ ਕਰਾਉਂਦੇ ਹਨ ਉਹ ਇਹ ਹੈ ਕਿ ਲੜਾਈ ਅੰਦਰ ਹੋਏ ਖੂਨ ਖਰਾਬੇ ਨੂੰ ਮੈਂ ਬਹੁਤ ਬੁਰਾ ਸਮਝਦਾ

ਹਾਂ ਪਰ ਮੈਨੂੰ ਅਤਿ ਮਜਬੂਰ ਹੋ ਕੇ ਤਲਵਾਰ ਉਠਾਉਣੀ ਪਈ ਹੈ :

ਬ-ਲਾਚਾਰਗੀ ਦਰਮਿਯਾਂ ਆਮਦਮ
ਬ-ਤਦਬੀਰਿ ਤੀਰੋ ਕਮਾਂ ਅਮਾਦਮ

ਮੈਨੂੰ ਮਜਬੂਰਨ ਜੰਗ ਦੇ ਮੈਦਾਨ ਵਿਚ ਆਉਣਾ ਪਿਆ ਅਤੇ ਤੀਰ ਕਮਾਨ ਆਦਿ ਸ਼ਸਤਰ ਅਸਤਰ ਵਰਤਣੇ ਪਏ :

ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ

ਜਦੋਂ ਕੋਈ ਕੰਮ ਸਾਰੇ ਹੀਲੇ ਉਪਾਵਾਂ ਤੋਂ ਲੰਘ ਜਾਵੇ ਤਾਂ ਹਥ ਵਿਚ ਤਲਵਾਰ ਲੈ ਲੈਣਾ ਜਾਇਜ਼ ਹੈ

2. ਫਿਰ ਆਪ ਕਹਿੰਦੇ ਹਨ ਮੁਲਕ ਦਾ ਬਾਦਸ਼ਾਹ ਹੁੰਦੇ ਹੋਏ ਤੂੰ ਤੇ ਤੇਰੇ ਭੇਜੇ ਸੂਬੇਦਾਰਾਂ ਨੇ ਮੇਰੇ ਨਾਲ ਧੋਖਾ ਕੀਤਾ ਹੈ ਅਤੇ ਝੂਠੀਆਂ ਕਸਮਾਂ ਖਾ ਕੇ ਬੇਈਮਾਨ ਹੋਏ ਹਨ, ਹੁਣ ਮੈਨੂੰ ਤੁਹਾਡੀਆਂ ਕਸਮਾਂ ਤੇ ਕੋਈ ਇਤਬਾਰ ਨਹੀਂ

ਨ ਕਤਰਾਂ ਮਰਾ ਇਅਤਬਾਰਿ ਬਰੋਸਤ
ਕਿ ਬਖਸ਼ੀ ਵ ਦੀਵਾਂ, ਹਮਾਂ ਕਿਜ਼ਬ ਗੋਸਤ

ਮੈਨੂੰ ਉਸ ਉਤੇ ਰਤਾ ਭਰ ਵੀ ਭਰੋਸਾ ਨਹੀਂ, ਜਿਸ ਦੇ ਬਖਸ਼ੀ ਤੇ ਦੀਵਾਨ ਸਾਰੇ ਹੀ ਝੂਠ ਬੋਲਣ ਵਾਲੇ ਹੋਣ

ਕਸੇ ਕੌਲਿ ਕੁਰਆਂ ਕੁਨੱਦ ਇਅਤਬਾਰ
ਹਮਾ ਰੋਜ਼ਿ ਆਖਿਰ, ਸ਼ਵੱਦ ਮਰਦ ਖ਼ੁਾਰ

ਜੋ ਆਦਮੀ (ਤੇਰੀ) ਕੁਰਾਨ ਦੀ ਸਹੁੰ ਉਤੇ ਵਿਸ਼ਵਾਸ਼ ਕਰ ਲਵੇ, ਓਹ ਅੰਤ ਨੂੰ ਖ਼ੁਆਰ ਹੁੰਦਾ ਹੈ !

ਨ ਮੁਸਹਫ ਕਸਮ ਖੁਫਯਾ ਗਰ ਖੁਰਦਮੇ
ਨ ਯਕ ਗਾਮ ਹਮ ਪੇਸ਼ ਅਜ਼ਾਂ ਬੁਰਦਮੇ

ਜੇ ਕਰ ਮੈਂ ਕੁਰਾਨ ਦੀ ਕਸਮ ਗੁਪਤ ਰੂਪ ਵਿਚ ਵੀ ਖਾਧੀ ਹੁੰਦੀ ਤਾਂ ਆਪਣੀ ਥਾਂ ਤੋਂ ਇਕ ਕਦਮ ਵੀ ਅਗੇ ਨ ਵਧਦਾ ।

ਨ ਈਮਾਂ ਪਰੱਸਤੀ ਨ ਔਜ਼ਾਇ ਦੀਂ
ਨ ਸਾਹਿਬ ਸ਼ਨਾਸੀ ਨ ਮਹੰਮਦ ਯਕੀਂ

ਔਰੰਗਜ਼ੇਬ, ਨ ਤੂੰ ਦੀਨ ਈਮਾਨ ਉਤੇ ਕਾਇਮ ਹੈਂ ਅਤੇ ਨ ਸ਼ਰ੍ਹਾ ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨ ਹੀ ਤੇਰਾ ਮਹੰਮਦ ਤੇ ਭਰੋਸਾ ਹੈ।

ਹਰ ਆਂ ਕਸ ਕਿ ਈਮਾਂ ਪ੍ਰਸਤੀ ਕੁਨੱਦ
ਨ ਪੈਮਾਂ ਖੁਦਸ਼ ਪੇਸ਼ੋਂ ਪ੍ਰਸਤੀ ਕੁਨੱਦ

ਜੋ ਆਦਮੀ ਧਰਮ ਈਮਾਨ ਉਤੇ ਚੱਲਣ ਵਾਲਾ ਹੁੰਦਾ ਹੈ ਓਹ ਕਦੀ ਆਪਣੇ ਵਾਅਦੇ ਤੋਂ ਟਾਲ ਮਟੋਲ ਨਹੀਂ ਕਰਦਾ।

ਚੁ ਕਸਮੇ ਕੁਰਾਂ ਸਦ ਕੁਨੱਦ ਇਖਿਤਿਯਾਰ
ਮਰਾ ਕਤਰਾ ਨਾਯਦ ਅਜ਼ੋ ਇਅਤਬਾਰ

ਭਾਵੇਂ ਤੂ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ, ਮੈਨੂੰ ਤੇਰੇ ਉਤੇ ਰਤਾ ਵੀ ਇਤਬਾਰ ਨਹੀਂ।

ਹਮੂ ਮਰਦ ਬਾਯਦ ਸ਼ਵੱਦ ਸੁਖਨਵਰ
ਨ ਸ਼ਿਕਮੇਂ ਦਿਗਰ ਦਰ ਦਹਾਨਿ ਦਿਗਰ

ਮਰਦ ਨੂੰ ਚਾਹੀਦਾ ਹੈ ਬਚਨ ਦਾ ਪੂਰਾ ਹੋਵੇ, ਨਾ ਕਿ ਦਿਲ ਵਿੱਚ ਹੋਰ ਤੇ ਮੂੰਹ ਤੇ ਕੁਝ ਹੋਰ।

ਕਿ ਅਜਬ ਅਸਤ ਇਨਸਾਫੋ ਦੀਂ ਪਰਵਰੀ
ਕਿ ਹੈਫ ਅਸਤ ਸਦ ਹੈਫ ਈਂ ਸਰਵਰੀ

ਵਾਹ, ਕਿਆ ਅਜ਼ੀਬ ਹੈ ਤੇਰਾ ਇਨਸਾਫ ਤੇ ਤੇਰਾ ਧਰਮ ਪਾਲਨਾ। ਤੇਰੀ ਇਸ ਸਰਦਾਰੀ ਉਤੇ ਅਫਸੋਸ ਹੈ, ਸੌ ਵਾਰੀ ਅਫਸੋਸ ਹੈ

3 ਚਮਕੌਰ ਦੇ ਜੰਗ ਬਾਰੇ ਆਪ ਨੇ ਇਉਂ ਲਿਖਿਆ :

ਗੁਰਸਨਾ ਚਿ ਕਾਰੇ ਕੁਨੱਦ ਚਿਹਲ ਨਰ
ਕਿ ਦਹ ਲਕ ਬਰਾਯਦ ਬਰੋ ਬੇਖਬਰ

ਭੁਖੇ ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ ਜੇ ਅਚਣਚੇਤੀ ਉਨ੍ਹਾਂ ਉਪਰ ਅਣਗਿਣਤ ਫੌਜ ਟੁਟ ਪਵੇ

ਬਰੰਗਿ ਮਗਸ ਸਯਾਹ ਪੋਸ਼ ਆਮਦੰਦ
ਬਯਕ ਬਾਰਗੀ ਦਰ ਖ਼ਰੋਸ਼ ਆਮਦੰਦ

ਤੇਰੀ ਕਾਲੀ ਬਰਦੀ ਵਾਲੀ ਫੌਜ ਮਖੀਆਂ ਵਾਂਗ ਆ ਪਈ ਅਤੇ ਸ਼ੋਰ ਮਚਾਉਂਦੀ ਇਕ ਦਮ ਟੁਟ ਪਈ

ਬਸੇ ਬਾਰ ਬਾਰੀਦ ਤੀਰੋ ਤੁਫੰਗ
ਜ਼ਮੀ ਗਸ਼ਤ ਹਮਚੂੰ ਗੁਲੇ ਲਾਲਾ ਰੰਗ

ਬੰਦੂਕਾਂ ਤੇ ਤੀਰਾਂ ਦੀ ਏਨੀ ਵਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁੱਲ ਵਾਂਗ ਲਾਲ ਹੋ ਗਈ,

ਸਰੋ ਪਾਇ ਅੰਬੋਹ ਚੰਦਾ ਸੁਦਹ
ਕਿ ਮੈਦਾਂ ਪੁਰ ਅਜ਼ ਗੂ ਓ ਚੋਗਾਂ ਸੁਦਹ

ਮਾਰੇ ਗਏ ਬੰਦਿਆਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲਗ ਗਏ ਜਿਵੇਂ ਖੇਡ ਦਾ ਮੈਦਾਨ ਖਿਦੋ ਖੂੰਡੀਆਂ ਨਾਲ ਭਰਿਆ ਹੋਵੇ,

ਹਮ ਆਖ਼ਿਰ ਚਿ ਮਰਦੀ ਕੁਨੱਦ ਕਾਰਜ਼ਾਰ
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ

ਆਖਰ ਲੜਾਈ ਵਿੱਚ ਇਕੱਲੀ ਸੂਰਮ-ਗਤੀ ਕੀ ਕਰ ਸਕਦੀ ਹੈ ਜੇ ਕਰ ਚਾਲੀ ਆਦਮੀਆਂ ਤੇ ਅਣਗਿਣਤ ਫੌਜ ਧਾਵਾ ਬੋਲ ਦੇਵੇ ।

4. ਔਰੰਗਜ਼ੇਬ ਨੂੰ ਕਹਿੰਦੇ ਹਨ ਕਿ ਮੈਂ ਐਸੀ ਜੁਆਲਾ ਭੜਕਾ ਦਿਤੀ ਹੈ ਜੋ ਕਦੀ ਬੁਝੇਗੀ ਨਹੀਂ :

ਚਿਹਾ ਸ਼ੁਦ ਕਿ ਚੂੰ ਬਚੱਗਾਂ ਕੁਸ਼ਤਾ ਚਾਰ
ਕਿ ਬਾਕੀ ਬਮਾਂਦਸਤ ਪੇਚੀਦਾ ਮਾਰ

ਕੀ ਹੋਇਆ ਜੇ ਮੇਰੇ ਚਾਰ ਬਚੇ ਮਾਰੇ ਗਏ ਅਜੇ ਤਾਂ ਕੁੰਡਲੀਦਾਰ ਭੁਝੰਗੀ ਬਾਕੀ ਹੈ

ਚਿ ਮਰਦੀ ਕਿ ਅਖਗਰ ਖਮੋਸ਼ਾਂ ਕੁਨੀ
ਕਿ ਆਤਿਸ਼ ਦਮਾਂ ਰਾ ਫਰੋਜ਼ਾਂ ਕੁਨੀ

ਚੰਗਿਆੜੀਆਂ ਨੂੰ ਬੁਝਾਉਣ ਵਿੱਚ ਤੇਰੀ ਕੀ ਬਹਾਦਰੀ ਹੈ, ਜਦ ਕਿ ਤੂ ਇਕ ਪਰਚੰਡ ਜਵਾਲਾ ਨੂੰ ਹੋਰ ਭੜਕਾ ਦਿਤਾ ਹੈ

ਮਜ਼ਨ ਤੇਗ਼ ਬਰ ਖੂਨਿ ਕਸ ਬੇਦਰੇਗ਼
ਤੁਰਾ ਨੀਜ਼ ਖੂੰ ਚਰਖ ਰੇਜ਼ਦ ਬਾ ਤੇਗ਼

ਤੂੰ ਕਿਸੇ ਉਤੇ ਬੇਕਿਰਕ ਹੋ ਕੇ ਤਲਵਾਰ ਨ ਚਲਾ, ਕਿਉਂਕਿ ਤੇਰਾ ਲਹੂ ਵੀ

ਗੈਬੀ ਸ਼ਕਤੀ ਨੇ ਤੇਗ ਨਾਲ ਵੀਟਣਾ ਹੈ

ਤੂੰ ਗਾਫਿਲ ਮਸ਼ੌ ਮਰਦ ਯਜ਼ਦਾ ਸ਼ਨਾਸ
ਕਿ ਉ ਬੇ ਨਿਯਾਜ਼ ਅਸਤ ਉ ਬੇਸਿਪਾਸ

ਹੇ ਔਰੰਗਜ਼ੇਬ ! ਤੂੰ ਅਵੇਸਲਾ ਨ ਹੋ। ਪਰਮਾਤਮਾ ਦੀ ਪਛਾਣ ਕਰ, ਓਹ ਬੜਾ ਬੇਪਰਵਾਹ ਹੈ ਉਸ ਨੂੰ ਕਿਸੇ ਖੁਸ਼ਾਮਦ ਦੀ ਲੋੜ ਨਹੀਂ ।

5. ਔਰੰਗਜੇਬ ! ਤੂੰ ਭਾਵੇਂ ਕਿਤਨਾ ਵਡਾ ਭੀ ਹੋਵੇਂ, ਤੈਨੂੰ ਰਬ ਦਾ ਖੌਫ ਖਾਣਾ ਚਾਹੀਦਾ ਹੈ

ਸ਼ਹਨਸ਼ਾਹਿ ਔਰੰਗਜ਼ੇਬ ਆਲਮੀਂ
ਕਿ ਦਾਰਾਇ ਦੌਰਅਸਤ, ਦੂਰ ਅਸਤ ਦੀਂ

ਹੇ ਔਰੰਗਜੇਬ ! ਭਾਵੇਂ ਤੂੰ ਦੁਨੀਆ ਦਾ ਸ਼ਹਿਨਸ਼ਾਹ ਤੇ ਸਮੇਂ ਦਾ ਹਾਕਮ ਵੀ ਹੈਂ ਪਰ ਤੂੰ ਧਰਮ ਤੋਂ ਦੂਰ ਹੈਂ

ਬਬੀਂ ਗਰਦਸ਼ੇ ਬੇਵਫ਼ਾਏ ਜ਼ਮਾਂ
ਪਸੇ ਪੁਸ਼ਤ ਉਫ਼ਤਦ ਰਸਾਨਦ ਜ਼ਿਯਾਂ

ਤੂੰ ਇਸ ਬੇਵਫਾ ਜ਼ਮਾਨੇ ਦਾ ਚੱਕਰ ਤਾਂ ਵੇਖ, ਇਹ ਜਿਸ ਦੇ ਪਿੱਛੇ ਪੈਂਦਾ ਹੈ ਉਸਨੂੰ ਨੁਕਸਾਨ ਪੁਚਾਂਦਾ ਹੈ

ਬਬੀਂ ਕੁਦਰਤੇ ਨੇਕ ਯਜ਼ਦਾਨਿ ਪਾਕ
ਕਿ ਅਜ਼ ਯਕ ਬਦਹਲਕ ਰਸਾਨਦ ਹਲਾਕ

ਤੂੰ ਉਸ ਪਵਿੱਤਰ ਪਰਮੇਸਰ ਦੀ ਅਨੋਖੀ ਸ਼ਕਤੀ ਨੂੰ ਵੇਖ ਜੋ ਇਕ ਆਦਮੀ ਤੋਂ ਲਖਾਂ ਨੂੰ ਮਰਵਾ ਦੇਂਦਾ ਹੈ

ਚਿ ਦੁਸ਼ਮਨ ਕੁਨੱਦ ਮਿਹਰਬਾਂ ਅਸਤ ਦੋਸਤ
ਕਿ ਬਖਸ਼ੰਦਗੀ ਕਾਰਿ ਬਖਸ਼ਿੰਦਾ ਓਸਤ

ਜਦ ਦੋਸਤ ਮਿਹਰਬਾਨ ਹੋਵੇ ਤਾਂ ਦੁਸ਼ਮਣ ਕੀ ਕਰ ਸਕਦਾ ਹੈ। ਉਸ ਬਖਸ਼ਿੰਦ ਦਾ ਕੰਮ ਹੀ ਬਖਸ਼ਸ਼ ਕਰਨਾ ਹੈ

ਖਸਮ ਰਾ ਚੁ ਕੋਰ ਉ ਕੁਨੱਦ ਵਕਤਿ ਕਾਰ
ਯਤੀਮਾਂ ਬਿਰੂੰ ਮੇ ਬੁਰੱਦ ਬੇ-ਅਜ਼ਾਰ

ਓਹ ਪਰਮੇਸ਼ਰ ਦੁਸ਼ਮਣਾਂ ਨੂੰ ਮੌਕੇ ਤੇ ਅੰਨ੍ਹਿਆਂ ਕਰ ਦੇਂਦਾ ਹੈ ਤੇ ਅਨਾਥਾਂ ਨੂੰ ਬਿਨਾ

ਕਿਸੇ ਕਸ਼ਟ ਦੇ ਕਢ ਲੈ ਜਾਂਦਾ ਹੈ।

ਚਿ ਦੁਸ਼ਮਨ ਬਰਾਂ ਹੀਲਾ ਸਾਜ਼ੀ ਕੁਨੱਦ
ਕਿ ਬਰ ਵੈ ਖੁਦਾ ਰਹਮਸਾਜ਼ੀ ਕੁਨੱਦ

ਜਿਸ ਉਤੇ ਪਰਮੇਸ਼ਰ ਆਪ ਕਿਰਪਾ ਕਰੇ, ਉਸ ਨਾਲ ਵੈਰੀ ਕੀ ਧੋਖਾ ਕਰ ਸਕਦਾ ਹੈ।

ਅਗਰ ਯਕ ਬਰਾਯਦ ਦਹੋ ਦਹ-ਹਜ਼ਾਰ
ਨਿਗਹਬਾਨ ਉ ਰਾ ਸ਼ੱਵਦ ਕਿਰਦਗਾਰ

ਜੇ ਇਕੱਲੇ ਬੰਦੇ ਤੇ ਲਖਾਂ ਚੜ੍ਹ ਆਉਣ ਤਾਂ ਸਿਰਜਣਹਾਰ ਆਪ ਉਸਦਾ ਰਖਵਾਲਾ ਬਣਦਾ ਹੈ।

6. ਔਰੰਗਜ਼ੇਬ ਨੂੰ ਦਸਦੇ ਹਨ ਕਿ ਜਦ ਮੇਰਾ ਅਕਾਲ ਮੇਰੇ ਨਾਲ ਹੈ, ਤੂੰ ਮੇਰਾ ਕੀ ਵਿਗਾੜ ਸਕਦਾ ਹੈਂ।

ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ
ਕਿ ਮਾ ਰਾ ਨਿਗਾਹ ਅਸਤ ਯਜ਼ਦਾਂ ਸ਼ੁਕਰ

ਜੇ ਤੇਰੀ ਨਜ਼ਰ ਆਪਣੀਆਂ ਫੌਜਾਂ ਤੇ ਖਜ਼ਾਨਿਆਂ ਤੇ ਹੈ ਤਾਂ ਸਾਡੀ ਨਿਗਾਹ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵੱਲ ਹੈ।

ਕਿ ਉ ਰਾ ਗ਼ਰੂਰ ਅਸਤ ਬਰ ਮੁਲਕੋ ਮਾਲ
ਵ ਮਾ ਰਾ ਪਨਾਹ ਅਸਤ ਯਜ਼ਦਾਂ ਅਕਾਲ

ਔਰੰਗ ਜ਼ੇਬ ਨੂੰ ਆਪਣੇ ਰਾਜ ਭਾਗ ਤੇ ਧਨ ਦੌਲਤ ਦਾ ਘੁਮੰਡ ਹੋਵੇਗਾ, ਸਾਨੂੰ ਆਪਣੇ ਅਕਾਲ ਪੁਰਖ ਦੀਆਂ ਰੱਖਾਂ ਹਨ।

ਤੂ ਗਾਫ਼ਿਲ ਮਸ਼ੌ ਜ਼ੀਂ ਸਿਪੰਜੀ ਸਰਾਇ
ਕਿ ਆਲਮ ਬਿ ਗੁਜ਼ਰਦ ਸੁਰੇ ਜਾ ਬਜਾਇ

ਤੂੰ ਇਸ ਹਕੀਕਤ ਵਲੋਂ ਗ਼ਾਫਲ ਨ ਹੋ ਕਿ ਇਹ ਦੁਨੀਆਂ ਚਾਰ ਦਿਨਾਂ ਦੀ ਸਰਾਂ ਹੈ ਇਹ ਜਗਤ ਥਾਉਂ ਥਾਈਂ ਚਲਦਾ ਜਾ ਰਿਹਾ ਹੈ।

ਬਬੀਂ ਗਰਦਿਸ਼ਿ ਬੇ ਵਫਾਇ ਜ਼ਮਾਂ
ਕਿ ਬਰ ਹਰ ਬ ਗੁਜ਼ਰਦ ਮਕੀਨੋ ਮਕਾਂ

ਇਨ੍ਹ ਬੇ ਵਫਾ ਕਾਲ ਚੱਕਰ ਵਲ ਵੇਖ, ਇਸ ਦਾ ਵਾਰ ਸੰਸਾਰ ਦੀ ਹਰ ਚੀਜ਼

ਉਪਰ ਹੈ।

ਤੂ ਗਰ ਜਬਰ ਆਜਿਜ਼ ਖਰਾਸ਼ੀ ਮਕੁਨ
ਕਸਮ ਰਾ ਬ ਤੇਸ਼ਾ ਤੁਰਾਸ਼ੀ ਮੁਕੁਨ

ਜੇ ਤੂੰ ਤਕੜਾ ਜਾਬਰ ਭੀ ਹੈਂ ਤਾਂ ਗਰੀਬਾਂ ਨੂੰ ਨ ਸਤਾ, ਅਤੇ ਆਪਣੀ ਖਾਸ਼ੀ ਕਸ਼ਮ ਨੂੰ ਤੇਸੇ ਨਾਲ ਨਾ ਛਿੱਲ।

ਚੁ ਹੱਕ ਯਾਰ ਬਾਸ਼ਦ ਚਿ ਦੁਸ਼ਮਨ ਕੁਨੱਦ
ਅਗਰ ਦੁਸ਼ਮਨੀ ਰਾ ਬਸਦ ਤਨ ਕੁਨੱਦ

ਜੇ ਰਬ ਦੋਸਤ ਹੋਵੇ ਤਾਂ ਦੁਸ਼ਮਣ ਕੀ ਵਿਗਾੜ ਸਕਦਾ ਹੈ ਭਾਵੇਂ ਓਹ ਸੌ ਗੁਣਾਂ ਵੈਰ ਵੀ ਪਿਆ ਕਰੇ।

ਖਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ
ਨ ਯਕ ਮੂਏ ਉ ਰਾ ਆਜ਼ਾਰ ਆਵੁਰਦ

ਜੇ ਵੈਰੀ ਹਜ਼ਾਰਾਂ ਦੁਸ਼ਮਣੀਆਂ ਵੀ ਕਰੇ, ਤਾਂ ਉਸ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

ਦੀਨੇ ਤੋਂ ਕੂਚ

ਸਤਿਗੁਰੂ ਹਾਲਾਂ ਦੀਨੇ ਹੀ ਸਨ ਜਦੋਂ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਵਲੋਂ ਭਾਈ ਸ਼ਮੀਰੇ ਨੂੰ ਹੁਕਮ ਪੁਜਾ ਕਿ ਓਹ ਗੁਰੂ ਗੋਬਿੰਦ ਸਿੰਘ ਨੂੰ ਨਵਾਬ ਦੇ ਪੇਸ਼ ਕਰੇ। ਸ਼ਮੀਰੇ ਲਈ ਅਜਿਹਾ ਕਰਨਾ ਕਿਸ ਤਰ੍ਹਾਂ ਸੰਭਵ ਹੋ ਸਕਦਾ ਸੀ। ਉਸ ਦਾ ਇਨਕਾਰ ਪੁਜਣ ਪਰ ਵਜ਼ੀਰ ਖਾਨ ਨੇ ਚੜ੍ਹਾਈ ਦੀ ਤਿਆਰੀ ਕੀਤੀ। ਸਤਿਗੁਰੂ ਜੀ ਦੀਨੇ ਨੂੰ ਲੜਾਈ ਦਾ ਖੇਤਰ ਬਨਾਉਣ ਦੇ ਉਲਟ ਸਨ, ਸੋ ਆਪ ਨੇ ਉਥੋਂ ਕੂਚ ਕੀਤਾ। ਇਸ ਸਮੇਂ ਆਪ ਪਾਸ ਕਾਫੀ ਸਿੰਘ ਇਕਠੇ ਹੋ ਚੁਕੇ ਸਨ। ਇਥੋਂ ਜਲਾਲ ਭਗਤਾ, ਕੋਟ ਕਪੂਰਾ, ਢਿਲਵਾਂ ਠਹਿਰਦੇ ਹੋਏ ਆਪ ਨੇ ਕੋਠਾ ਗੁਰੂ ਦੇ ਲਾਗੇ ਜੰਗਲ ਵਿੱਚ ਕੈਂਪ ਲਗਾਇਆ। ਆਪ ਦੇ ਨਿਤਾਪ੍ਰਤੀ ਸ਼ਬਦ ਕੀਰਤਨ ਤੇ ਅੰਮ੍ਰਿਤ ਪ੍ਰਚਾਰ ਦੇ ਪ੍ਰੋਗਰਾਮ ਸ਼ੁਰੂ ਤੋਂ ਹੀ ਜਾਰੀ ਰਹੇ ਸਨ। ਮਾਲਵੇ ਦੇ ਪਿੰਡਾਂ ਵਿੱਚ ਵਿਚਰਦਿਆਂ ਬਹੁਤ ਲੋਕ ਅੰਮ੍ਰਿਤ ਛੱਕ ਕੇ ਸਿੰਘ ਸਜੇ ਅਤੇ ਵੈਸੇ ਭੀ ਆਪ ਪਾਸ ਬਹੁਤ ਰੌਣਕ ਤੇ ਆਵਾ ਜਾਈ ਰਹਿਣ ਲਗੀ।

ਵਜ਼ੀਰ ਖਾਨ ਦੇ ਚੜ੍ਹਾਈ ਕਰ ਦੇਣ ਦੀਆਂ ਖਬਰਾਂ ਭੀ ਆ ਰਹੀਆਂ ਸਨ,

ਸੋ ਵਿਚਾਰ ਮਗਰੋਂ ਇਹ ਸਲਾਹ ਠਹਿਰੀ ਕਿ ਮਾਲਵੇ ਦੇ ਇਸ ਮਾਰੂਥਲ ਅਦਰ ਖਿਦਰਾਣੇ ਦੀ ਢਾਬ ਬਾਝੋਂ ਪਾਣੀ ਦੇ ਮਿਲਣ ਦਾ ਹੋਰ ਕੋਈ ਥਾਉਂ ਨਹੀਂ ਹੈ। ਇਸ ਲਈ ਉਸ ਢਾਬ ਤੇ ਕਬਜ਼ਾ ਕਰ ਲੈਣ ਨਾਲ ਵੈਰੀ ਦਾ ਮੁਕਾਬਲਾ ਚੰਗੀ ਤਰ੍ਹਾਂ ਹੋ ਸਕੇਗਾ। ਇਹ ਗੱਲ ਅਪ੍ਰੈਲ ੧੭੦੬ ਦੀ ਹੈ।

ਕੋਟ ਕਪੂਰੇ ਦੇ ਬਰਾੜ ਸਰਦਾਰ ਨੇ ਖਾਨਾ ਨਾਮ ਦਾ ਆਦਮੀ ਆਪ ਦੇ ਨਾਲ ਕੀਤਾ। ਖਾਨਾ ਇਲਾਕੇ ਦਾ ਚੰਗਾ ਵਾਕਫ਼ ਸੀ ਸੋ ਉਹ ਆਪ ਨੂੰ ਖਿਦਰਾਣੇ ਦੀ ਢਾਬ ਤੇ ਲੈ ਗਿਆ।

ਪਰ ਢਾਬ ਤੇ ਪਹੁੰਚਣ ਤੋਂ ਪਹਿਲੋਂ ਰਾਮਿਆਣੇ ਦੀ ਜੂਹ ਲੰਘਦਿਆਂ ਆਪ ਨੂੰ ਬਹੁਤ ਸਾਰੇ ਸਿੰਘਾਂ ਦਾ ਇਕ ਦਸਤਾ ਆ ਮਿਲਿਆ ਜੋ ਆਪ ਦੀ ਟੋਲ ਵਿੱਚ ਸਨ ਅਤੇ ਜਿਨ੍ਹਾਂ ਵਿੱਚ ਓਹ ਚਾਲੀ ਸਿਖ ਵੀ ਸਨ ਜੋ ਅਨੰਦ ਪੁਰ ਸਾਹਿਬ ਆਪ ਨੂੰ ਬੇਦਾਵਾ ਦੇ ਆਏ ਸਨ।

ਅਨੰਦ ਪੁਰ ਛਡ ਆਉਣ ਮਗਰੋਂ ਓਹ ਸਿੰਘ ਜਦੋਂ ਆਪਣੇ ਘਰੋ ਘਰੀ ਪੁਜੇ ਅਤੇ ਹੋਰ ਸਿੰਘਾਂ ਨੂੰ ਉਨ੍ਹਾਂ ਦੇ ਗੁਰੂ ਜੀ ਨੂੰ ਇਸ ਤਰ੍ਹਾਂ ਛਡ ਆਉਣ ਦਾ ਪਤਾ ਲਗਾ ਤਾਂ ਉਨ੍ਹਾਂ ਵਲੋਂ ਸਮਝਾਉਣ ਤੇ ਉਨ੍ਹਾਂ ਨੂੰ ਆਪਣੀ ਕੀਤੀ ਤੇ ਵਡਾ ਪਸਚਾਤਾਪ ਹੋਇਆ ਅਤੇ ਉਹ ਮੁੜ ਗੁਰੂ ਕੀ ਭਾਲ ਅੰਦਲ ਨਿਕਲ ਪਏ। ਬਹੁਤ ਸਾਰੇ ਹੋਰ ਸਿੰਘ ਉਨ੍ਹਾਂ ਨਾਲ ਰਲਦੇ ਗਏ। ਉਨ੍ਹਾਂ ਚਾਲੀ ਸਿੰਘਾਂ ਦਾ ਇਸ ਦਸ਼ਾ ਅੰਦਰ ਸਤਿਗੁਰੂ ਜੀ ਨੂੰ ਮੁੜ ਆ ਮਿਲਣਾ ਅਸਚਰਜ ਰੰਗ ਪੇਸ਼ ਕਰਦਾ ਸੀ। ਅਨੰਦ ਪੁਰ ਅਤਿ ਮੁਸੀਬਤ ਸਮੇਂ ਸਤਿਗੁਰੂ ਜੀ ਨੂੰ ਪਿਠ ਵਿਖਾ ਆਉਣ ਦਾ ਖਿਆਲ, ਫਿਰ ਜਿਨ੍ਹਾਂ ਅਕਹਿ ਮੁਸ਼ਕਲਾਂ ਨੂੰ ਝੀਲਦੇ ਹੋਏ ਸਤਗੁਰ ਮੌਜੂਦਾ ਦਸ਼ਾ ਨੂੰ ਪੁਜੇ ਸਨ ਅਤੇ ਇਸ ਸਮੇਂ ਅੰਦਰ ਸਾਰੇ ਪ੍ਵਾਰ, ਮਾਤਾ ਜੀ, ਚਾਰੇ ਸਾਹਿਬਜ਼ਾਦਿਆਂ ਅਤੇ ਅਤਿ ਪਿਆਰੇ ਸਿੰਘਾਂ ਦੇ ਸਦੀਵੀ ਵਿਛੋੜੇ ਅਤੇ ਅਨੰਦ ਪੁਰ ਸਾਹਿਬ ਦੇ ਖਾਲਸਈ ਐਸ਼ੂਰਜ ਦਾ ਧਿਆਨ ਅਤੇ ਹੁਣ 'ਨ ਤੁਸੀਂ ਸਾਡੇ ਗੁਰੂ ਤੇ ਨ ਅਸੀਂ ਤੁਹਾਡੇ ਸਿਖ' ਹੋਣ ਦੀ ਦਸ਼ਾ ਅੰਦਰ ਸਤਿਗੁਰੂ ਜੀ ਦੇ ਦਰਸ਼ਨ ਤੇ ਆਪਣੀ ਕੀਤੀ ਪਰ ਅਕਹਿ ਪਸਚਾਤਾਪ ਇਹ ਸਭ ਕੁਝ ਉਨ੍ਹਾਂ ਸਿੰਘਾਂ ਦੇ ਮਨ ਪਰ ਉਕਰਿਆ ਦਿਸ ਰਿਹਾ ਸੀ। ਜਦੋਂ ਉਨ੍ਹਾਂ ਨੇ ਸਤਿਗੁਰੂ ਦੇ ਹਜ਼ੂਰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ'

ਬੁਲਾਈ ਅਤੇ ਸਤਿਗੁਰੂ ਜੀ ਨੇ ਨਜ਼ਰ ਭਰ ਉਨ੍ਹਾਂ ਵੱਲ ਤਕਿਆ ਤਾਂ ਇਨ੍ਹਾਂ ਸਭ ਦੀਆਂ ਅਖੀਆਂ ਧਰਤੀ ਵਿਚ ਗਡੀਆਂ ਗਈਆਂ। ਸਤਿਗੁਰੂ ਜੀ ਨੇ ਕੇਵਲ ਏਨਾ ਹੀ ਕਿਹਾ ਕਿ 'ਰਣ ਤਤੇ ਅੰਦਰ ਪਿਠ ਵਿਖਾ ਜਾਣਾ ਖਾਲਸੇ ਦਾ ਕੰਮ ਨਹੀਂ' ਅਤੇ ਹੋਰ ਕੁਝ ਕਹਿ ਕਹਾਏ ਬਿਨਾ ਸਤਿਗੁਰੂ ਢਾਬ ਵੱਲ ਨੂੰ ਚਲ ਪਏ। ਇਨ੍ਹਾਂ ਨੇ ਆਪੋ ਵਿਚ ਗੁਰਮਤਾ ਕੀਤਾ ਕਿ ਵੈਰੀ ਗੁਰੂ ਜੀ ਦੇ ਪਿਛੇ ਮਾਰੋ ਮਾਰ ਕਰਦਾ ਆ ਰਿਹਾ ਹੈ, ਜਦ ਨੂੰ ਗੁਰੂ ਜੀ ਕਿਸੇ ਅਛੇ ਟਿਕਾਣੇ ਮੋਰਚਾ ਬੰਦੀ ਕਰਦੇ ਹਨ ਜੇ ਕਰ ਅਸੀਂ ਵੈਰੀ ਨੂੰ ਏਥੇ ਰੋਕ ਲਈਏ ਅਤੇ ਸ਼ਹੀਦੀਆਂ ਪਾ ਜਾਈਏ ਤਾਂ ਅਸੀਂ ਗੁਰੂ ਦੇ ਲੇਖੇ ਲਗ ਜਾਵਾਂਗੇ। ਇਉਂ ਸੋਚਦੇ ਹੋਏ ਇਹ ਚਾਲੀ ਸਿੰਘ ਇਥੇ ਹੀ ਡਟ ਗਏ। ਅਤੇ ਵਜ਼ੀਰ ਖ਼ਾਂ ਦੀਆਂ ਵਧਦੀਆਂ ਆ ਰਹੀਆਂ ਫੌਜਾਂ ਨੂੰ ਅਗੇ ਵਧਣ ਤੋਂ ਰੋਕ ਰਖਿਆ ਭਾਵੇਂ ਇਹ ਗਿਣਤੀ ਵਿਚ ਬਹੁਤ ਥੋੜੇ ਸਨ ਪਰ ਇਹ ਇਕੱਲਾ ੨ ਸਿੰਘ ਅਨੇਕ ਵੈਰੀਆਂ ਦੇ ਆਹੂ ਲਾਹੁੰਦਾ ਰਿਹਾ। ਪਾਣੀ ਨ ਮਿਲਣ ਕਾਰਨ ਵੈਰੀ ਪਿਆਸ ਹੋਟਿਉਂ ਭੀ ਤੰਗ ਸੀ ਪਰ ਸਿੰਘਾਂ ਨੇ ਅਜੇਹੇ ਹਥ ਵਿਖਾਏ ਕਿ ਜਦੋਂ ਤਾਈਂ ਇਕ ਵੀ ਸਿੰਘ ਜੀਉਂਦਾ ਰਿਹਾ ਓਹ ਇਉਂ ਲੜ ਰਿਹਾ ਸੀ ਜਿਵੇਂ ਕਿ ਉਸ ਦੇ ਪਿਛੇ ਭਾਰੀ ਸੈਣਾ ਉਸਦੀ ਮਦਦ ਨੂੰ ਵਧਦੀ ਆ ਰਹੀ ਹੈ।

ਬਖਸ਼ੰਦ ਸਤਿਗੁਰੂ

ਖਿਦਰਾਣੇ ਦੀ ਢਾਬ ਦੇ ਕੰਢੇ ਹੁਣੇ ਹੋ ਹਟੀ ਲੜਾਈ ਕਾਰਨ ਅਣਗਿਣਤ ਲੋਥਾਂ ਹੇਠ ਉਤੇ ਵਿਛੀਆਂ ਹਨ, ਮੈਦਾਨ ਲਹੂ ਲੁਹਾਨ ਹੋਇਆ ਭਿਆਨਕ ਦਰਿਸ਼ ਪੇਸ਼ ਕਰ ਰਿਹਾ ਹੈ। ਵੈਰੀ ਆਪਣੇ ਬਹੁਤ ਸਾਰੇ ਸਿਪਾਹੀ ਮਰਵਾ ਕੇ ਪਿਛੇ ਹਟ ਗਿਆ ਹੈ, ਜਿੰਨਾ ਚਿਰ ਇਸ ਰਾਹ ਰੋਕਨ ਵਾਲੇ ਜਥੇ ਦਾ ਇਕ ਵੀ ਸਿੰਘ ਜੀਉਂਦਾ ਰਿਹਾ ਉਸ ਨੇ ਵੈਰੀ ਨੂੰ ਅਗੇ ਨਹੀਂ ਜਾਣ ਦਿਤਾ। ਜਦ ਨੂੰ ਇਸ ਜਥੇ ਦੇ ਸਾਰੇ ਸਿੰਘ ਸ਼ਹੀਦੀਆਂ ਪਾ ਗਏ, ਬਚੀ ਖੁਚੀ ਤੁਰਕ ਫੌਜ ਭੀ ਲੜਦੀ ੨ ਹਫ ਕੇ ਪਿਛਾਹਾਂ ਹਟਣ ਲਗ ਗਈ ਅਤੇ ਸ਼ਾਮ ਹੁੰਦੇ ਤਕ ਲੜਾਈ ਦੇ ਮੈਦਾਨ ਅੰਦਰ ਬਿਨਾਂ ਲਾਸ਼ਾਂ ਦੇ ਢੇਰਾਂ ਅਤੇ ਲਹੂ ਰੰਗੀ ਧਰਤੀ ਦੇ ਕੁਝ ਨਜ਼ਰ ਨਹੀ ਸੀ ਪੈਂਦਾ।

ਗੁਰੂ ਜੀ ਨੇ ਇਹ ਦਰਿਸ਼ ਉਸ ਉਚੀ ਟਿਬੀ ਤੋਂ ਤੱਕਿਆ ਸੀ ਜਿਥੋਂ ਆਪ ਵੈਰੀ ਦੀ ਸੈਣਾ ਪਰ ਤੀਰ ਵਰ੍ਹਾਉਂਦੇ ਰਹੇ ਸਨ ਅਤੇ ਜਿਥੇ ਬੈਠੇ ਆਪ ਨੇ ਉਸ ਜੁਝ

ਰਹੇ ਜਥੇ ਦੇ ਇਕ ੨ ਸਿੰਘ ਨੂੰ ਸੂਰਮਿਆਂ ਵਾਂਗ ਲੜਦੇ ਅਤੇ ਸ਼ਹੀਦ ਹੁੰਦੇ ਤਕਿਆ ਸੀ ।

ਹੁਣ ਗੁਰੂ ਜੀ ਇਸ ਲੋਥਾਂ ਵਿਛੇ ਟਿਕਾਣੇ ਤੇ ਪੁਜੇ ਅਤੇ ਇਹ ਜਾਨਣ ਲਈ ਕਿ ਵੈਰੀ ਨਾਲ ਇਸ ਤਰ੍ਹਾਂ ਜੂਝਣ ਤੇ ਸ਼ਹੀਦੀਆਂ ਪਾਉਣ ਵਾਲੇ ਇਹ ਸਿੰਘ ਕੌਣ ਸਨ, ਗੁਰੂ ਜੀ ਇਕ ੨ ਸ਼ਹੀਦ ਹੋ ਚੁਕੇ ਸਿੰਘ ਦੇ ਸੀਸ ਨੂੰ ਆਪਣੇ ਕਰ ਕਵਲਾਂ ਨਾਲ ਚੁਕਦੇ ਤੇ ਪਛਾਣਦੇ । ਆਪ ਨੇ ਜਾਚ ਕਰ ਲਈ ਸੀ ਕਿ ਇਹ ਤਾਂ ਉਹ ਸਿੰਘ ਹਨ ਜੋ ਰਾਮਿਆਣੇ ਦੀ ਜੂਹ ਲੰਘਣ ਪਿਛੋਂ ਆਪ ਨੂੰ ਖਿਦਰਾਨੇ ਦੇ ਨੇੜੇ ਹੀ ਢਾਬ ਦੇ ਪਿਛਲੇ ਬੰਨੇ ਮਿਲੇ ਸਨ ਅਤੇ ਜਦੋਂ ਉਨ੍ਹਾਂ ਨੇ ਅਨੰਦ ਪੁਰ ਦਾ ਕਿਲਾ ਛਡਣ ਤੋਂ ਪਹਿਲੋਂ ਲਿਖੇ ਬੇ-ਦਾਵੇ ਤੇ ਪਸਚਾਤਾਪ ਪ੍ਰਗਟ ਕੀਤਾ ਤਾਂ ਗੁਰੂ ਜੀ ਨੇ ਜ਼ੇਰਾ ਕਰੜਾਈ ਤੇ ਜਥੇ ਅੰਦਰ ਇਹ ਸ਼ਬਦ ਕਹੇ ਸਨ : 'ਰਣ ਤਤੇ ਮੈਦਾਨ ਅੰਦਰ ਪਿਠ ਦੇਣੀ ਖਾਲਸੇ ਦਾ ਕੰਮ ਨਹੀਂ' । ਹਾਂ, ਇਹ ਉਹ ਸਿੰਘ ਸਨ ਜਿਨ੍ਹਾਂ ਨੇ ਉਸ ਵੇਲੇ ਸ੍ਰੀ ਦਸ਼ਮੇਸ਼ ਜੀ ਦਾ ਸਾਥ ਛਡਿਆ, ਜਦੋਂ ਆਪ ਤੇ ਆਪ ਦਾ ਸਾਰਾ ਪ੍ਰਵਾਰ-ਆਪ ਦੀ ਬਿਰਧ ਮਾਤਾ ਆਪ ਦੇ ਮਹਿਲ ਅਤੇ ਨਾਬਾਲਗ ਸਾਹਿਬਜ਼ਾਦੇ ਦੁਸ਼ਮਣ ਦੇ ਘੇਰੇ ਵਿੱਚ ਸਨ; ਜਦੋਂ ਵੈਰੀ ਨੇ ਅਨੰਦ ਪੁਰ ਦੇ ਕਿਲੇ ਅੰਦਰ ਰਾਸ਼ਨ ਖੁਰਾਕ ਆਦਿ ਦਾ ਜਾਣਾ ਬੰਦ ਕੀਤਾ ਹੋਇਆ ਸੀ ਤੇ ਗੁਰੂ ਜੀ ਸਹਿਤ ਪ੍ਰਵਾਰ ਤੇ ਹੋਰ ਸਿੰਘਾਂ ਦੇ ਬਹੁਤ ਵੇਰ ਕੜਾਕੇ ਹੀ ਰਹਿੰਦੇ ਸਨ । ਪਰ ਇਸ ਅਉਕੜ ਸਮੇਂ ਇਨ੍ਹਾਂ ਸਿੰਘਾਂ ਦੇ ਕੰਡ ਕਰ ਜਾਣ ਪਿਛੇ ਵਧੇਰੇ ਦੁਖਦਾਈ ਗਲ ਇਹ ਸੀ ਕਿ ਜਿਨ੍ਹਾਂ ਨੂੰ ਗੁਰੂ ਜੀ ਨੇ ਆਪਨਾ ਬਣਾਇਆ ਸੀ ਉਹ ਉਸ ਅਪਨੱਤ ਦੇ ਘੇਰੇ ਵਿਚੋਂ ਨਿਕਲ ਰਹੇ ਸਨ । ਉਹ ਗੁਰੂ ਕੀ ਸ਼ਰਣ ਵਿੱਚ ਮਰਨਾ ਕਬੂਲ ਕੇ ਆਏ ਸਨ (ਪਹਿਲਾਂ ਮਰਨ ਕਬੂਲ) ਪਰ ਹੁਣ ਗੁਰੂ ਪਾਸੋਂ ਜਾ ਰਹੇ ਸਨ ਮਰਨਾ ਵਿਸਾਰ ਕੇ, (ਵਿਸਰ ਗਿਆ ਹੈ ਮਰਨਾ) ਉਹਨਾਂ ਪਿਆਰਾ ਕੀਤਾ ਸੀ ਆਪਣਾ ਆਪ ਤੇ ਆਪਣਾ ਸੁਖ, ਭੁੱਲ ਕੇ ਉਸ ਗੁਰੂ ਨੂੰ ਜਿਸ ਨੇ ਉਨ੍ਹਾਂ ਬਾਰੇ ਕਿਹਾ ਸੀ ।

'ਖਾਲਸਾ ਮੇਰੀ ਜਾਨ ਕੀ ਜਾਨ, ਖਾਲਸਾ ਮੇਰੋ ਪਿੰਡ ਅਰ ਪ੍ਰਾਨ' । ਓਹ ਤੋੜ ਗਏ ਸਨ ਨਾਤਾ ਗੁਰ ਸਿਖੀ ਵਾਲਾ ਆਪਣੇ ਗੁਰੂ ਨਾਲ, ਅਤੇ ਕਹਿ ਗਏ ਸਨ ਸਪਸ਼ਟ ਤੌਰ

'ਨ ਤੁਸੀ ਸਾਡੇ ਗੁਰੂ ਅਤੇ ਨ ਅਸੀਂ ਤੁਸਾਡੇ ਸਿਖ'

ਨਿਰਾ ਕਹਿ ਹੀ ਨਹੀ ਸਨ ਗਏ, ਸਗੋਂ ਟੁਟ ਗਏ ਸਨ ਸਦਾ ਲਈ ਗੁਰੂ ਨਾਲੋਂ, ਇਹ ਲਿਖਿਆ ਦੇ ਕੇ

'ਤੁਸੀਂ ਸਾਡੇ ਗੁਰੂ ਨਹੀਂ ਅਤੇ ਅਸੀਂ ਤੁਸਾਡੇ ਸਿਖ ਨਹੀਂ'

ਇਹ ਬੇਦਾਵਾ ਲਿਖ ਕੇ ਦੇਣ ਅਤੇ ਇਸ ਤਰ੍ਹਾਂ ਕੰਡ ਕਰ ਜਾਣ ਮਗਰੋਂ ਜੋ ਜੋ ਮੁਸੀਬਤਾਂ ਤੇ ਵਿਛੋੜੇ ਗੁਰੂ ਜੀ ਨੂੰ ਝੱਲਨੇ ਪਏ-ਗੁਰੂ ਜੀ ਨੇ ਪ੍ਰਾਣਾਂ ਤੋਂ ਪਿਆਰੇ ਅਨੇਕਾਂ ਸਿੰਘ ਸ਼ਹੀਦ ਹੁੰਦੇ ਤੇ ਸਰਸਾ ਵਿੱਚ ਰੁੜ੍ਹਦੇ ਤਕੇ, ਜਿਗਰ ਦੇ ਟੋਟੇ ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਨੂੰ ਅੱਖਾਂ ਸਾਹਮਣੇ ਮਰਦਾਂ ਵਾਂਗ ਜੂਝਦੇ ਤਕਿਆ, ਬਿਰਧ ਮਾਤਾ ਦੀ ਮੌਤ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਕੰਧਾਂ ਅੰਦਰ ਚਿਣਿਆ ਤੇ ਫਿਰ ਕੋਹਿਆ ਜਾਣਾ ਸੁਣਿਆ, ਆਪ ਕੰਡਿਆਲੇ ਜੰਗਲਾਂ ਅੰਦਰ ਨੰਗੇ ਪੈਰੀਂ ਫਿਰਦੇ ਰਹੇ, ਜੇ ਕਿਸੇ ਪਾਸੋਂ ਘੋੜੀ ਮੰਗੀ ਤਾਂ ਇਨਕਾਰ, ਜੇ ਰਾਤ ਕੱਟਣ ਨੂੰ ਥਾਉਂ ਮੰਗਿਆ ਤਾਂ ਇਨਕਾਰ, ਜੇ ਵੈਰੀ ਨਾਲ ਲੜਨ ਲਈ ਕਪੂਰੇ ਵਰਗੇ ਪਿਆਰ ਵਾਲੇ ਸਿਖ ਪਾਸੋਂ ਉਸਦੀ ਗੜ੍ਹੀ ਵਾਲਾ ਥਾਉਂ ਮੰਗਿਆ ਤਾਂ ਇਨਕਾਰ–ਅਜੇਹੇ ਹਾਲਾਤ ਅੰਦਰ ਵਿਚਰਦੇ ਹੋਏ ਜਦੋਂ ਗੁਰੂ ਜੀ ਨੇ ਰਾਮਿਆਣੇ ਦੀ ਜੂਹ ਲੰਘਕੇ ਖਿਦਰਾਣੇ ਵੱਲ ਰੁਖ ਕੀਤਾ ਤਾਂ ਇਨ੍ਹਾਂ ਬੇਦਾਵਾ ਦੇ ਕੇ ਨਾਤਾ ਤੋੜ ਚੁਕੇ ਸਿਖਾਂ ਦਾ ਟੋਲਾ ਆਪ ਨੂੰ ਮਿਲਿਆ। ਏਡੀਆਂ ਭਾਰੀਆਂ ਮੁਸੀਬਤਾਂ ਵਿਚੋਂ ਲੰਘਦਿਆਂ ਹੋਇਆਂ ਇਨ੍ਹਾਂ ਸਿਖਾਂ ਦੇ ਮੱਥੇ ਲਗਣ ਤੋਂ ਗੁਰੂ ਜੀ ਦੇ ਮਨ ਨੂੰ ਕਿਤਨਾ ਕੁ ਖੇਦ ਹੋਇਆ ਹੋਵੇਗਾ, ਇਸ ਦਾ ਅਨੁਮਾਨ ਓਹੀ ਕਰ ਸਕਦਾ ਹੈ ਜਿਸਦਾ ਕੋਈ ਅਤ ਸਨੇਹੀ ਉਸ ਸਮੇਂ ਪਿਠ ਦੇ ਗਿਆ ਹੋਵੇ ਜਦੋਂ ਉਹ ਡਾਢੀਆਂ ਮੁਸ਼ਕਲਾਂ ਅੰਦਰ ਫਸਿਆ ਹੋਵੇ। ਪ੍ਰੰਤੂ ਇਥੇ ਨਿਜੀ ਮੁਸ਼ਕਲਾਂ ਅਤੇ ਮੁਸ਼ਕਲਾਂ ਸਮੇਂ ਸਾਥ ਛਡ ਜਾਣ ਦਾ ਹੀ ਸਵਾਲ ਨਹੀਂ ਸੀ, ਜੋ ਗੁਰੂ ਜੀ ਲਈ ਖੇਦ ਦਾ ਕਾਰਨ ਸੀ। ਇਥੇ ਤਾਂ ਉਸ ਆਚਰਨ ਉਸਾਰੀ ਅੰਦਰ ਇਕ ਵਡੀ ਘਾਟ ਪ੍ਰਤੀਤ ਹੋ ਰਹੀ ਸੀ ਜੋ ਉਸਾਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਰੂਪ ਅੰਦਰ ਕਰ ਰਹੇ ਸਨ। ਆਪ ਨੇ ਖਾਲਸੇ ਨੂੰ 'ਮਿਤਰ ਸੁਹਿਰਦ' (ਸ੍ਰੇਸ਼ਟ ਹਿਰਦੇ ਵਾਲਾ ਮਿਤੱਰ) ਕਿਹਾ ਸੀ, ਕੀ ਖਾਲਸਾ ਰਣ ਤਤੇ ਅੰਦਰ ਪਿਠ ਦੇ ਜਾਇਆ ਕਰੇਗਾ? ਜੇ ਖਾਲਸਾ ਆਪਣਿਆਂ ਵਲੋਂ ਕੰਡ ਕਰੇਗਾ ਤਾਂ ਮਜ਼ਲੂਮ ਤੇ ਅਨਾਥ ਦੇ ਸਨਮੁਖ ਹੋਕੇ ਕਿਸ ਤਰ੍ਹਾਂ ਲੜੇਗਾ? ਜੇ ਖਾਲਸਾ ਆਪਣੇ ਆਪ ਨੂੰ ਪਿਆਰੇਗਾ ਤਾਂ ਗਰੀਬ ਦੁਖੀ ਦੀ ਦਾਰੀ ਕੌਣ ਕਰੇਗਾ ? ਉਹ ਕਾਹਦਾ

ਜੀਵਿਆ ਜੋ ਜੀਵਿਆ ਆਪੇ ਲਈ, ਉਹ ਮਰ ਗਿਆ ਸੰਸਾਰ ਲਈ, ਜੋ ਜੀਵਿਆ ਨਿਜ ਸੁਆਰਥ ਲਈ । ਮੈਂ ਤਾਂ ਖਾਲਸਾ ਸਾਜਿਆ ਸੀ ਪਰ-ਸੁਆਰਥ ਲਈ, ਧਰਮ ਦੀ ਰਖਿਆ ਲਈ, ਇਹ ਸੀ ਸਹਾਰਾ ਅਨਾਥ ਤੇ ਬਲਹੀਨ ਦਾ ਅਤੇ ਇਸ ਨੇ ਮੰਡਨਾ ਸੀ ਮਰਨਾ ਦੂਜਿਆਂ ਲਈ, ਪ੍ਰੰਤੂ ਜੇ ਕਰ ਇਸ ਨੇ ਭੁੱਲ ਜਾਣਾ ਸੀ ਦੂਜਿਆਂ ਨੂੰ, ਆਪਣੀ ਜਾਨ ਦੇ ਪਿਆਰ ਪਿਛੇ, ਤਾਂ ਇਹ ਖ਼ਾਲਸਾ ਕਿਸਤਰ੍ਹਾਂ ਹੋਇਆ ? ਮੈਂ ਇਸ ਨੂੰ ਕਿਹਾ ਸੀ ।

'ਇਤੁ ਮਾਰਗਿ ਪੈਰੁ ਧਰੀਜੈ, ਸਿਰ ਦੀਜੈ ਕਾਣਿ ਨ ਕੀਜੈ'

ਪਰ ਇਸ ਨੇ ਪਿਆਰਾ ਕੀਤਾ ਉਹ ਸਿਰ, ਤੇ ਤਿਆਗ ਦਿਤਾ ਮਾਰਗ ਨੂੰ, ਫਿਰ ਇਸ ਨੇ ਆਪਣਾ ਸਿਰ ਮੇਰੀ ਭੇਟਾ ਕਰਕੇ ਮੈਥੋਂ ਸਿਖੀ ਲਈ ਸੀ, ਪਰ ਇਹ ਵਾਪਸ ਲੈਂਦਿਆਂ ਇਸ ਨੇ ਦੇਰ ਨਹੀਂ ਲਾਈ ' ਕੀ ਮੇਰਾ ਖਾਲਸਾ ਇਸ ਤਰ੍ਹਾਂ ਹੀ ਕਰਿਆ ਕਰੇਗਾ ? ਇਹ ਸਨ ਵਿਚਾਰ ਜੋ ਸਿਖਾਂ ਦੇ ਬੇਦਾਵਾ ਲਿਖ ਜਾਣ ਦੇ ਸਮੇਂ ਤੋਂ ਹੀ ਗੁਰੂ ਜੀ ਨੂੰ ਡੂੰਘੀ ਸੋਚ ਵਿਚ ਪਾ ਰਹੇ ਸਨ । ਭਾਵੇਂ ਸਰੀਰਕ ਮੁਸੀਬਤਾਂ ਅਤੇ ਪ੍ਰਵਾਰ ਅਤੇ ਸਿਖਾਂ ਦੇ ਵਿਛੋੜੇ ਤੇ ਸ਼ਹੀਦੀਆਂ ਦਾ ਮਾਨਸਕ ਪ੍ਰਭਾਵ ਭੀ ਆਪ ਦੇ ਮਨ ਉਤੇ ਕੋਈ ਘਟ ਨਹੀਂ ਸੀ ਪ੍ਰੰਤੂ ਇਹ ਵਿਚਾਰ ਕਿ ਖਾਲਸਾ ਆਚਰਨ ਅੰਦਰ ਏਨੀ ਤਰੁਟੀ ਹੋਵੇ ਇਕ ਬਹੁਤ ਕਾਰੀ ਘਾਉ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਨੂੰ ਪੀੜਤ ਕਰ ਰਿਹਾ ਸੀ । ਆਪ ਖਾਲਸੇ ਨੂੰ ਜੀਊਂਦਾ ਵੇਖਣਾ ਚਾਹੁੰਦੇ ਸਨ । ਆਪ ਜਾਣਦੇ ਸਨ ਕਿ ਜੋ ਖਾਲਸਾ ਮਰ ਕੇ ਜੀਵਿਆ ਹੈ ਜਿਸ ਨੇ ਸਿਰ ਦੀ ਭੇਟਾ ਦੇ ਕੇ ਸਿਖੀ ਲਈ ਹੈ ਉਹ ਮੁੜ ਕੇ ਮਰੇਗਾ ਨਹੀਂ, ਕਿਉਂਕਿ ਉਹ ਹਮੇਸ਼ਾਂ ਪਰਉਪਕਾਰ ਲਈ ਜੀਵੇਗਾ, ਉਹ ਆਪਣੇ ਗੁਰੂ ਲਈ ਜੀਵੇਗਾ, ਉਸ ਲਈ 'ਬਹੁਰਿ ਨ ਮਰਨਾ ਹੋਇ', ਇਸ ਲਈ ਉਹ ਮੌਤ ਦੇ ਭੈ ਤੋਂ ਹਮੇਸ਼ਾਂ ਲਈ ਮੁਕਤ ਹੋਵੇਗਾ, ਇਹ ਭੈ ਉਸ ਨੂੰ ਕਦੀ ਭੀ ਨਹੀਂ ਡੁਲਾਏਗਾ । ਵਾਰ ੨ ਮਰਨ ਵਾਲਾ ਕਾਇਰ ਹੁੰਦਾ ਹੈ । ਸੂਰਮੇ ਨੂੰ ਮੌਤ ਇਕ ਵੇਰ ਹੀ ਆਉਂਦੀ ਹੈ :

'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ,
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ'

ਅਜੇਹੀ ਮਰਨੀ ਮਰਨ ਵਾਲੇ ਉਤੇ ਗੁਰੂ ਦੀ ਪ੍ਰਸੰਨਤਾ ਹੁੰਦੀ ਹੈ ।

ਇਹ ਸੀ ਦਸ਼ਾ ਗੁਰੂ ਗੋਬਿੰਦ ਸਿੰਘ ਦੇ ਹਿਰਦੇ ਦੀ, ਜਦੋਂ ਆਪ ਖਿਦਰਾਣੇ

ਕੰਢੇ ਲੋਥਾਂ ਦੇ ਢੇਰਾਂ ਵਿਚੋਂ ਉਹਨਾਂ ਸਿੰਘਾਂ ਦੀਆਂ ਲਾਸ਼ਾਂ ਤੇ ਸੀਸ ਚੁਣ ਰਹੇ ਸਨ ਜੋ ਲੜਦੇ ਲੜਦੇ ਉਸ ਥਾਉਂ ਇਸ ਲਈ ਸ਼ਹੀਦੀਆਂ ਪਾ ਗਏ ਸਨ ਕਿ ਉਹ ਵੈਰੀ ਨੂੰ ਗੁਰੂ ਜੀ ਦਾ ਪਿਛਾ ਕਰਨੋ ਰੋਕੀ ਰਖਣ। ਅਤੇ ਜਦੋਂ ਆਪ ਨੇ ਪਛਾਣ ਕਰ ਲਈ ਕਿ ਇਹ ਉਹ ਹੀ ਸਿੰਘ ਹਨ ਜੋ ਆਪ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ ਤਾਂ ਆਪ ਦੇ ਨੇਤਰ ਸਜਲ ਹੋ ਗਏ ਅਤੇ ਜੋ ਨੈਣ ਜਿਗਰ ਦੇ ਟੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਹੁੰਦਾ ਵੇਖ ਕੇ ਭੀ ਅਡੋਲ ਰਹੇ ਸਨ ਅਜ ਬੇਵਸ ਹੋਕੇ ਵਹਿ ਗਏ। ਆਪ ਸ਼ਹੀਦ ਸਿੰਘਾਂ ਦੇ ਇਕ ੨ ਸੀਸ ਨੂੰ ਗੋਦੀ ਲੈਂਦੇ, ਪਿਆਰਦੇ, ਚੇਹਰੇ ਤੋਂ ਮੈਲ ਮਿਟੀ ਪੂੰਝਦੇ ਅਤੇ 'ਇਹ ਮੇਰਾ ਪੰਜ ਹਜ਼ਾਰੀ, ਦਸ ਹਜ਼ਾਰੀ ਵੀਹ ਹਜ਼ਾਰੀ' ਆਦਿ ਕਹਿੰਦੇ ਉਨ੍ਹਾਂ ਨਾਲ ਅਤ ਦਰਜੇ ਦਾ ਸਨੇਹ ਪ੍ਰਗਟ ਕਰਦੇ, ਇਕ ਤੋਂ ਦੂਜੇ, ਦੂਜੇ ਤੋਂ ਤੀਜੇ ਅਤੇ ਇਸ ਤਰ੍ਹਾਂ ਅਗੇ ਤੁਰੇ ਜਾਂਦੇ। ਆਪ ਅਤ ਖੁਸ਼ ਸਨ ਅਤੇ ਆਪ ਦੀਆਂ ਅੱਖਾਂ ਸ਼ੁਕਰਾਨੇ ਵਜੋਂ ਹੰਝੂ ਵਹਾ ਰਹੀਆਂ ਸਨ, ਆਪ ਦਾ ਅੰਦਰਲਾ ਜੁੜਿਆ ਸੀ ਕਰਤਾ ਪੁਰਖ ਨਾਲ ਤੇ ਕਹਿ ਰਿਹਾ ਸੀ 'ਲਖ ਲਖ ਸ਼ੁਕਰ ਹੈ, ਦਾਤਾ, ਕਿ ਖਾਲਸਾ ਜੀਊਂਦਾ ਹੈ ਅਤੇ ਜੀਊਂਦਾ ਰਹੇਗਾ ਸਦੀਵ ਕਾਲ, ਕਿਉਂਕਿ ਇਨ੍ਹਾਂ ਮਰਨਾ ਮੰਨ ਲਿਆ ਹੈ। ਮੈਂ ਸਮਝਿਆ ਸੀ ਕਿ ਕੋਈ ਊਣਤਾਈ ਰਹਿ ਗਈ ਹੈ ਜੋ ਖਾਲਸਾ ਮੌਤ ਤੋਂ ਡਰਿਆ ਹੈ ਅਤੇ ਉਠ ਨਠਾ ਹੈ ਰਣ ਤਤੇ ਵਿਚੋਂ ਜਾਨ ਨੂੰ ਪਿਆਰਾ ਕਰਕੇ, ਪਰ ਨਹੀਂ, ਖਾਲਸਾ ਅਮਰ ਹੋਇਆ ਹੈ ਅੰਮ੍ਰਿਤ ਪਾ ਕੇ, ਇਸ ਨੂੰ ਹੁਣ ਮੌਤ ਦਾ ਭੈ ਨਹੀਂ ਰਿਹਾ। ਮੌਤ ਦਾ ਡਰ ਹੀ ਮੌਤ ਹੈ, ਜਿਸ ਦਾ ਇਹ ਡਰ ਚੁਕ ਗਿਆ ਉਸ ਦੀ ਮੌਤ ਚੁਕ ਗਈ, ਜੋ ਮੌਤ ਤੋਂ ਡਰਦਾ ਹੈ ਉਹ ਮਰਨ ਤੋਂ ਪਹਿਲੋਂ ਹੀ ਮਰ ਜਾਂਦਾ ਹੈ। ਖਾਲਸਾ ਆਪਣਾ ਸਿਰ ਭੇਟ ਕੇ ਖਾਲਸਾ ਹੋਇਆ ਹੈ ਇਸ ਲਈ ਇਹ ਅਮਰ ਹੈ।

ਇਉਂ ਖਾਲਸੇ ਦੀ ਵਡਿਆਈ ਅਤੇ ਕਰਤਾ ਪੁਰਖ ਦੇ ਸ਼ੁਕਰ ਅੰਦਰ ਜੁੜੇ ਗੁਰੂ ਜੀ ਸ਼ਹੀਦ ਹੋਏ ਸਿੰਘਾਂ ਨੂੰ ਇਕ ਇਕ ਕਰਕੇ ਟੁੰਬਦੇ ਤੇ ਅਸੀਸਾਂ ਦੇਂਦੇ ਤੁਰੀ ਗਏ ਅਤੇ ਉਥੇ ਜਾ ਪੁਜੇ ਜਿਥੇ ਇਨ੍ਹਾਂ ਸਿੰਘਾਂ ਦੇ ਜਥੇ ਦਾ ਜਥੇਦਾਰ ਮਹਾਂ ਸਿੰਘ ਘਾਇਲ ਪਿਆ ਸੀ। ਗੁਰੂ ਜੀ ਨੇ ਜਥੇਦਾਰ ਦਾ ਸਿਰ ਗੋਦੀ ਲਿਆ, ਮੂੰਹ ਪੂੰਝਿਆ, ਅਤੇ ਵੇਖਿਆ ਕਿ ਸੁਆਸਾਂ ਦੀ ਤਾਰ ਹਾਲੇ ਨਿੰਮ੍ਹੀ ੨ ਥਰਰਾ ਰਹੀ ਸੀ। ਆਪ ਨੇ ਮਹਾਂ ਸਿਘ ਦੇ ਮੂੰਹ ਵਿਚ ਪਾਣੀ ਚੋਇਆ, ਪਿਆਰ ਕੀਤਾ ਅਤੇ ਭੁਲਾ ਦਿਤੀ ਇਹ ਗੱਲ ਕਿ ਇਹ ਉਹ ਹੀ ਗੁਸਤਾਖ ਪੁੱਤਰ ਹੈ ਜਿਸਨੇ ਅਗੇ ਲਗਕੇ ਕਿਹਾ ਸੀ ਕਿ 'ਨ ਤੁਸੀਂ

ਸਾਡੇ ਗੁਰੂ ਤੇ ਨ ਅਸੀਂ ਤੁਸਾਡੇ ਸਿਖ' । ਪਰ ਗੁਰੂ ਪਾਲ ਰਿਹਾ ਹੈ ਬਖਸ਼ੰਦ ਹੋਣ ਦੇ ਬਿਰਦ ਨੂੰ, ਪਿਤਾ ਪਰਦਾ ਪਾ ਰਿਹਾ ਹੈ ਪੁੱਤਰ ਦੀ ਗੁਸਤਾਖੀ ਉਤੇ ਅਤੇ ਕਹਿ ਰਿਹਾ ਹੈ 'ਪੁੱਤਰ ਮਹਾਂ ਸਿੰਘ, ਖੋਲ੍ਹ ਅਖਾਂ ਤੇ ਤੱਕ ਮੇਰੇ ਵੱਲ' ਗੁਰੂ ਜੀ ਦੇ ਵਾਰ ਵਾਰ ਟੁੰਬਨ ਅਤੇ ਮੂੰਹ ਵਿਚ ਪਾਣੀ ਚੋਣ ਨੇ ਮਹਾਂ ਸਿੰਘ ਨੂੰ ਸੁਚੇਤ ਕੀਤਾ, ਮਹਾਂ ਸਿੰਘ ਦੀਆਂ ਅਖਾਂ ਖੁਲ੍ਹੀਆਂ, ਨਿਹਾਲ ਹੋਇਆ ਦਰਸ਼ਨ ਪਾਕੇ ਦਸਮੇਸ਼ ਜੀ ਦਾ, ਪਰ ਬਹੁਤ ਕਮਜ਼ੋਰੀ ਹੋ ਚੁਕੀ ਸੀ, ਅਖਾਂ ਮਿਟ ਗਈਆਂ, ਫਿਰ ਖੁਲ੍ਹੀਆਂ, ਗੁਰੂ ਜੀ ਬੋਲੇ 'ਪੁਤਰ ਮਹਾਂ ਸਿੰਘ ਇਹ ਅਖੀਰੀ ਮੇਲੇ ਹਨ, ਕੁਝ ਮੰਗ, ਮਹਾਂ ਸਿੰਘ ਦੀਆਂ ਅਖਾਂ ਵਿਚੋਂ ਅਥਰੂ ਵਹਿ ਤੁਰੇ ਅਤੇ ਘਘਿਆਵੀਂ ਅਵਾਜ਼ ਅੰਦਰ ਬੋਲਿਆ 'ਪਾਤਸ਼ਾਹ ਟੁਟੀ ਗੰਢ ਲੈ, ਹੋਰ ਕੀ ਮੰਗਨਾਂ ਏਂ' ਗੁਰੂ ਜੀ ਨੇ ਖੀਸੇ ਵਿਚੋਂ ਓਹ ਕਾਗਜ਼ ਕਢਿਆ ਜਿਸ ਪਰ ਲਿਖਿਆ ਸੀ 'ਤੁਸੀਂ ਸਾਡੇ ਗੁਰੂ ਨਹੀਂ ਅਸੀਂ ਤੁਸਾਡੇ ਸਿਖ ਨਹੀਂ' ਅਤੇ ਮਹਾਂ ਸਿੰਘ ਦੇ ਵੇਖਦੇ ੨ ਉਸ ਕਾਗਜ਼ ਦੇ ਟੁਕੜੇ ਟੁਕੜੇ ਕਰਕੇ ਹਵਾ ਵਿਚ ਉਡਾ ਦਿਤੇ । ਮਹਾਂ ਸਿੰਘ ਹੁਣ ਗਦ ਗਦ ਹੋ ਰਿਹਾ ਸੀ ਕਿ ਕਿਸ ਤਰ੍ਹਾਂ ਸਤਿਗੁਰੂ ਪਾਤਸ਼ਾਹ ਨੇ ਬਖਸ਼ੰਦ ਹੋਣ ਦਾ ਬਿਰਦ ਪਾਲਦੇ ਹੋਏ ਅਕ੍ਰਿਤਘਣ ਪੁਤਰਾਂ ਨੂੰ ਨਿਵਾਜਿਆ ਹੈ । ਮਹਾਂ ਸਿੰਘ ਦੀਆਂ ਅਖਾਂ ਸ਼ੁਕਰਾਨੇ ਦੇ ਹੰਝੂ ਵਹਾ ਰਹੀਆਂ ਸਨ ਅਤੇ ਇਸੇ ਦਸ਼ਾ ਅੰਦਰ ਓਹ ਸਦਾ ਲਈ ਗੁਰੂ ਦੀ ਗੋਦ ਅੰਦਰ ਸਮਾ ਗਿਆ ।

ਮੌਤ ਦਾ ਡਰ ਹੀ ਮੌਤ ਹੈ । ਖਾਲਸਾ ਮੌਤ ਦਾ ਡਰ ਨ ਮੰਨੇ ਅਤੇ ਸਮਾ ਆਉਣ ਤੇ ਸੂਰਮਿਆਂ ਵਾਂਗ ਮੌਤ ਨੂੰ ਵੰਗਾਰਦਾ ਹੋਇਆ ਮਰੇ, ਤਾਂ ਹੀ ਉਹ ਖਾਲਸਾ ਹੈ ।

ਬਖਸ਼ੰਦ ਹੋਣਾ ਗੁਰੂ ਘਰ ਦਾ ਬਿਰਦ ਹੈ, ਮਹਾਂ ਅਪ੍ਰਾਧੀ ਭੀ ਪਸਚਾਤਾਪ ਵਾਲੇ ਕਰਤਵ ਕਰਕੇ ਬਖਸ਼ੇ ਜਾਂਦੇ ਹਨ । ਜਦੋਂ ਸਿਖ ਬਖਸਸ਼ ਦਾ ਪਾਤਰ ਬਣਦਾ ਹੈ ਗੁਰੂ ਬਖਸ਼ੰਦ ਹੋਣ ਦੇ ਬਿਰਦ ਨੂੰ ਪਾਲਦਾ ਹੈ ।

ਖਿਦਰਾਣੇ ਦੀ ਢਾਬ ਕੰਢੇ ਇਸ ਜੰਗ ਵਿਚ ਕੇਵਲ ਇਕ ਮਾਈ ਭਾਗੋ ਫੱਟੜ ਹਾਲਤ ਵਿਚ ਮਿਲੀ ਸੀ ਜੋ ਸਤਿਗੁਰੂ ਜੀ ਦਾ ਦਰਸ਼ਨ ਪਾ ਕੇ ਨਿਹਾਲ ਹੋਈ । ਇਹ ਮਾਤਾ ਉਨ੍ਹਾਂ ਚਾਲੀ ਸਿੰਘਾਂ ਨਾਲ ਵੀਰਾਂ ਨੂੰ ਸਤਿਗੁਰੂ ਪਾਸੋਂ ਖਿਮਾ ਦਿਵਾਉਣ ਆਈ ਸੀ ਅਤੇ ਇਸ ਨੇ ਉਨ੍ਹਾਂ ਦੇ ਨਾਲ ਮਿਲਕੇ ਵੈਰੀ ਨੂੰ ਡਾਢੇ ਹਥ ਵਿਖਾਏ ਸਨ ।

ਹੁਣ ਸਤਿਗੁਰੂ ਜੀ ਨੇ ਢਾਬ ਕੰਢਿਉ ਸੁਕੀਆਂ ਲਕੜਾਂ ਇਕਠੀਆਂ ਕਰ ਉਨ੍ਹਾਂ ਸਿੰਘਾਂ ਦਾ ਆਪਣੀ ਹਥੀਂ ਸਸਕਾਰ ਕੀਤਾ ਅਤੇ ਉਨ੍ਹਾਂ ਨੂੰ ਮੁਕਤੇ ਹੋਣ ਦਾ ਵਰਦਾਨ ਦਿਤਾ।

ਇਨ੍ਹਾਂ ਸਿੰਘਾਂ ਦੀ ਸ਼ਹੀਦੀ ਯਾਦ ਅੰਦਰ ਇਥੇ ਅਜ ਕਲ ਗੁਰਦੁਆਰਾ ਮੁਕਤਸਰ ਸਥਾਪਤ ਹੈ।

ਲਖੀ ਜੰਗਲ

ਮਾਲਵੇ ਦਾ ਇਹ ਇਲਾਕਾ ਇਸ ਤੋਂ ਪਹਿਲੋਂ ਸਤਿਗੁਰੂ ਹਰਿ ਗੋਬਿੰਦ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਵਲੋਂ ਵਰੋਸਾਇਆ ਗਿਆ ਹੋਇਆ ਸੀ ਅਤੇ ਇਥੇ ਦੇ ਲੋਕ ਗੁਰੂ ਘਰ ਦੇ ਸ਼ਰਧਾਲੂ ਬਣ ਚੁਕੇ ਹੋਏ ਸਨ। ਹੁਣ ਗੁਰੂ ਗੋਬਿੰਦ ਸਿੰਘ ਜੀ ਨੇ ਖਿਦਰਾਣੇ ਦੇ ਜੰਗ ਤੋਂ ਵੇਹਲੇ ਹੋ ਇਸ ਇਲਾਕੇ ਦੀ ਸਿਖੀ ਨੂੰ ਸੁਰਜੀਤ ਕਰਨਾ ਅਰੰਭਿਆ। ਕਈ ਪਿੰਡਾਂ ਵਿਚੋਂ ਹੁੰਦੇ ਹਵਾਉਂਦੇ ਆਪ ਕੋਟ ਕਪੂਰੇ ਅਤੇ ਬਠਿੰਡੇ ਵਿਚਾਲੇ ਉਸ ਟਿਕਾਣੇ ਪੁਜੇ ਜਿਸ ਨੂੰ ਲਖੀ ਜੰਗਲ ਦੇ ਨਾਮ ਨਾਲ ਚੇਤੇ ਕੀਤਾ ਜਾਂਦਾ ਹੈ। ਸਤਿਗੁਰੂ ਜੀ ਨੂੰ ਇਹ ਜਗ੍ਹਾ ਪਸੰਦ ਆਈ ਅਤੇ ਆਪ ਨੇ ਕਈ ਦਿਨ ਆਪਣਾ ਕੈਂਪ ਏਥੇ ਹੀ ਰਖਿਆ। ਇਲਾਕੇ ਦੀਆਂ ਸਿਖ ਸੰਗਤਾਂ ਹੁਮ ਹੁਮਾ ਕੇ ਇਥੇ ਪੁਜੀਆਂ ਅਤੇ ਇਹ ਥਾਂ ਭੀ ਅਨੰਦ ਪੁਰ ਦੀ ਇਕ ਝਾਕੀ ਦਰਸਾਉਣ ਲਗਾ। ਬਹੁਤ ਸਾਰੇ ਸਿਖ ਏਥੇ ਅੰਮ੍ਰਿਤ ਪਾਨ ਕਰਕੇ ਸਤਿਗੁਰੂ ਜੀ ਦੇ ਖਾਲਸਾ ਸੰਗਠਨ ਅੰਦਰ ਸ਼ਾਮਲ ਹੋਏ। ਇਕ ਸੱਯਦ ਇਬ੍ਰਾਹੀਮ ਨਾਮ ਦਾ ਸਰਕਰਦਾ ਮੁਸਲਮਾਨ ਫਕੀਰ ਭੀ ਏਥੇ ਹੀ ਅੰਮ੍ਰਿਤ ਛਕ ਕੇ ਅਜਮੇਰ ਸਿੰਘ ਹੋਇਆ ਜੋ ਉਸ ਤੋਂ ਪਿਛੋਂ ਕਾਫੀ ਸਮਾਂ ਸਤਿਗੁਰੂ ਜੀ ਦੇ ਨਾਲ ਹੀ ਰਿਹਾ। ਲਖੀ ਜੰਗਲ ਦੇ ਇਸ ਕੈਂਪ ਦੀ ਸੋ ਜਿਵੇਂ ੨ ਦੂਰ ਨੇੜੇ ਫੈਲੀ, ਗੁਰੂ ਕੇ ਸਿਖ ਵਡੀ ਗਿਣਤੀ ਵਿਚ ਇਥੇ ਪੁਜ ਸਤਿਗੁਰੂ ਦੇ ਦੀਦਾਰ ਪਾ ਨਿਹਾਲ ਹੁੰਦੇ ਰਹੇ। ਇਸ ਦਸ਼ਾ ਦਾ ਵਰਨਣ ਅਲੰਕਾਰਕ ਤੌਰ ਗੁਰੂ ਜੀ ਨੇ ਲਖੀ ਜੰਗਲ ਅੰਦਰ ਸਜੇ ਇਕ ਕਵੀ ਦਰਬਾਰ ਵਿਚ ਇਉਂ ਕੀਤਾ :

ਸੁਣ ਕੇ ਸਦ ਮਾਹੀ ਦਾ ਮੇਹੀਂ ਪਾਣੀ ਘਾਹ ਮੁਤੇ ਨੇ
ਕਿਸੇ ਨਾਲ ਨ ਰਲੀਆ ਕਾਈ ਕੋਈ ਜੋ ਸ਼ੌਕ ਪਿਓ ਨੇ
ਲਖੀ ਜੰਗਲ ਖਾਲਸੇ ਆਏ ਦੀਦਾਰ ਦਿਤੋ ਨੇ

ਗਿਆ ਫਿਰਾਕ ਮਿਲਿਆ ਮਿਤ ਮਾਹੀ ਤਾਹੀਂ ਸ਼ੁਕਰ ਕੀਤੇ ਨੇ।

ਇਥੇ ਸਜੇ ਕਵੀ ਦਰਬਾਰਾਂ ਅੰਦਰ ਸਤਿਗੁਰੂ ਜੀ ਵਲੋ ਵਰੋਸਾਏ ਕਵੀਆਂ ਦੇ ਦਿਲ ਤੁੰਗ ਭੀ ਵੇਖਣ ਯੋਗ ਹਨ। ਗੁਰੂ ਤੇ ਸਿਖਾਂ ਦੇ ਵਿਛੋੜੇ ਦੀ ਪੀੜਾ ਨੂੰ ਦਰਸਾਉਂਦੇ ਹੋਏ ਬਿਹਾਰੀ ਕਵੀ ਨੇ ਗਾਵਿਆਂ :

ਇਸ਼ਕ ਨਗੀਨਾ ਸੋਈ ਜਾਨਣ ਜੇਹੜੇ ਹੋਵਨ ਆਪ ਨਗੀਨੇ
ਇਸ਼ਕ ਮੁਸ਼ਕ ਦੀ ਸਾਰ ਕੀ ਜ਼ਾਨਣ ਕਾਇਰ ਲੋਕ ਕਮੀਨੇ
ਇਸ਼ਕ ਨਹੀਂ, ਇਹ ਤਿਖੀਆਂ ਛੁਰੀਆਂ ਘਾਉ ਕਰਨ ਵਿਚ ਸੀਨੇ
ਮਨ ਦੀਆਂ ਤਪਤਾਂ ਮਿਟਣ ਬਿਹਾਰੀ ਜੇ ਦਿਸਣ ਗੁਰੂ ਨਗੀਨੇ।

ਇਕ ਹੋਰ ਵੰਨਿਉਂ ਕਵੀ 'ਅਡਾ' ਜੀ ਬੋਲੇ :

'ਗੁਰ ਗੋਬਿੰਦ ਜਿਨ੍ਹਾਂ ਦੇ ਸਿਰ ਤੇ ਤਿਨ੍ਹਾਂ ਨੂੰ ਕਮੀ ਨ ਕਾਈ
ਖਾਵਨ ਪੀਵਨ ਤੇ ਭੋਗਨ ਭੁੰਚਨ ਭਾਗ ਉਨਾਂ ਦੇ ਆਈ
ਕਰਨ ਅਰਦਾਸ ਸਤਿਗੁਰ ਦੇ ਅੱਗੇ ਸਤਿਗੁਰ ਹੋਗ ਸਹਾਈ
ਅੱਡਾ ਮੈਂ ਕੁਰਬਾਨ ਤਿਨ੍ਹਾਂ ਜਿਨ੍ਹਾਂ ਮਨ ਪਰਤੀਤ ਸਵਾਈ।

ਹੁਣ ਕਵੀ 'ਬਿਹਾਰੀ' ਜੀ ਫਿਰ ਬੋਲੇ :

ਯਾਰ ਯਾਰਾਂ ਕੋਲੋਂ ਵਿਦਾ ਜੁ ਮੰਗਦੇ ਆਖ ਦਿਖਾ ਕੀ ਕਰੀਐ
ਸਿਰ ਕਾਟ ਰੀਸਾਲ ਬਣਾਈਐ ਪੇਸ਼ ਮਿੱਤ੍ਰਾਂ ਦੀ ਧਰੀਐ
ਜੇ ਸਿਰ ਦਿਤੇ ਰਾਜ਼ੀ ਥੀਵਣ ਸਿਰ ਦੇਂਦੇ ਢਿਲ ਨ ਕਰੀਐ
ਸਿਰ ਸਦਕੇ ਕੁਰਬਾਨ ਬਿਹਾਰੀ ਜੇ ਵਿਚ ਨਿਗਾਹਾਂ ਦੇ ਮਰੀਐ।

ਬਿਹਾਰੀ ਦੀ ਇਹ ਸੱਦ ਸੁਣ ਲਾਲ ਕਵੀ ਬੋਲ ਉਠਿਆ :

ਮਹਬੂਬਾ ਦੇ ਦਰਸਨ ਕਾਰਣ ਸੁਰਮਾਂ ਆਪ ਪਿਸਾਇਆ
ਦੇ ਦੇ ਧਮਕਾਂ ਨਿੱਕਾ ਕੀਤਾ ਪੱਥਰ ਜ਼ੋਰ ਸਹਾਇਆ
ਜਿਉਂ ਜਿਉਂ ਘੱਸੇ ਤਿਉਂ ਤਿਉਂ ਰਸੇ ਚੜ੍ਹਦਾ ਰੂਪ ਸਵਾਇਆ
ਲਾਲ ਖਿਆਲ ਮੁਇਆ ਫਿਰ ਜੀਵੇ ਜਾਂ ਚਸ਼ਮਾਂ ਦਾਖਲ ਆਇਆ।

ਬਿਹਾਰੀ ਜੀ ਨੇ ਫਿਰ ਵਾਰੀ ਦਿਤੀ :

ਇਹ ਸਨੇਹਾ ਮੈਂਡੇ ਸਤਿਗੁਰ ਵਾਲਾ ਮੇਰੇ ਸੀਨੇ ਅੰਦਰ ਪੁੜਿਆ
ਹੁਣ ਤਾਂ ਮੁੜਿਆਂ ਬਣਦੀ ਨਾਹੀਂ ਜਾਂ ਸਨਮੁਖ ਮੱਥਾ ਜੁੜਿਆ

ਭੰਨੀ ਭੰਨੀ ਪੱਤਣ ਵਞਾਂ ਅਗਹੁ ਬੇੜਾ ਹੁੜਿਆ
ਤਿਨ੍ਹਾਂ ਨਾਲੋਂ ਟੁਟੀਆਂ ਚੰਗੇਰੀ ਸਿਦਕ ਜਿਨ੍ਹਾਂ ਦਾ ਮੁੜਿਆ ।

ਭਾਈ ਨੰਦ ਲਾਲ ਜੋ ਲਾਗੇ ਹੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠੇ ਸਨ ਬੋਲੇ :

ਇਕ ਦਿਹਾਂ ਮੈਂ ਸਤਿਗੁਰ ਕੋਲੋਂ ਪ੍ਰੇਮ ਸੁਰਾਹੀ ਪੀਤੀ
ਭਾਇ ਅਸਾਡੇ ਲਿਖੀ ਫਕੀਰੀ ਸੋ ਮਸਤਕ ਧਰ ਲੀਤੀ
ਪਿਛਲਾ ਜਨਮ ਅਕਾਰਥ ਹੋਇਆ ਹਰਿ ਕੀ ਭਗਤ ਨ ਕੀਤੀ
ਆਗੈ ਸਮਝ ਚਲੋ ਨੰਦ ਲਾਲਾ ਜੋ ਬੀਤੀ ਹੋ ਬੀਤੀ ।

ਹੁਣ ਦੂਰ ਬੈਠਾ ਇਕ ਮਸਤ 'ਬਿਹੰਗਮ' ਖੜਾ ਹੋ ਗਿਆ ਤੇ ਬੋਲਿਆ :

ਮੁਸ਼ਕਲ ਮਿਲਣ ਮਾਹੀ ਨੂੰ ਹੀਰੇ ਔਝੜ ਝੰਗ ਬਲਾਈਂ
ਕਰ ਕਰ ਸ਼ੇਰ ਜਮਾਤੀਂ ਬੈਠੇ ਨਾਗ ਕੁੰਡਲ ਬਲ ਪਾਈਂ
ਪੰਧ ਮੁਹਾਲ ਨ ਦੇਂਦੇ ਜਾਵਣ, ਮਲ ਡਾਕੇ ਬਹਿਣ ਸਰਾਈਂ
ਅੱਗੈ ਬੇਪ੍ਰਵਾਹ ਰੰਝੇਟਾ ਭਾਣੇਂ ਮਿਲਣ ਰਜਾਈਂ ।

ਰਜ਼ਾ ਦੀ ਕਠਨਾਈ ਦਾ ਪਖ ਉਜਾਗਰ ਕਰਦੇ ਹੋਇ ਬਿਹਾਰੀ ਕਵੀ ਫਿਰ ਬੋਲਿਆ:

ਆਸ਼ਕ ਆਸ਼ਕ ਸਭ ਕੋਈ ਆਖੇ ਟੇਢੀ ਪਗੜੀ ਧਰ ਕੇ
ਸਿਰ ਤੇ ਪਰੇ ਇਸ਼ਕ ਦਾ ਡੇਰਾ ਸਭ ਮੁੜ ਆਏ ਡਰ ਕੇ
ਮਾਨ ਮਨੀ ਤੇ ਖੁਦੀ ਤਕੱਬਰ ਕੋਈ ਨ ਰਹਿਓ ਜਰ ਕੇ
ਮਹਬੂਬਾ ਦੇ ਉਸ ਮਹਿਲ ਬਿਹਾਰੀ ਕੋਈ ਆਸ਼ਕ ਪਹੁਤਾ ਮਰ ਕੇ ।

ਹੁਣ ਮਸਤ ਬਿਹੰਗਮ ਨੇ ਫਿਰ ਸੱਦ ਲਾਈ :

ਮਹਬੂਬਾਂ ਦੇ ਵੇਖਣ ਕਾਰਨ ਕਖ ਗਲੀ ਦਾ ਥੀਵਾਂ
ਵਗੇ ਵਾਉ ਪੁਰੇ ਦੀ ਜਿਉਂ, ਤਿਉਂ ਦਰ ਤੇ ਜਾਇ ਸਟੀਵਾਂ
ਆਂਦੇ ਜਾਂਦੇ ਦਾ ਦਰਸ਼ਨ ਪਾਵਾਂ ਚਰਨੀ ਕਦੇ ਛੁਹੀਵਾਂ
ਚਰਣ ਧੂੜ ਬਣ ਸਤਿਗੁਰ ਵਾਲੀ ਮਰ ਕੇ ਮੈਂ ਮੁੜ ਜੀਵਾਂ ।

ਬਿਹੰਗਮ ਦੀ ਇਹ ਸੱਦ ਸੁਣ 'ਅਡਾ' ਜੀ ਫਿਰ ਬੋਲੇ :

ਗੋਬਿੰਦ ਸਿੰਘ ਗੁਰਾਂ ਗੁਰ ਸੂਰੇ ਮੇਹਰ ਆਪਣੀ ਕੀਤੀ
ਜਿਤ ਵੱਲ ਨਜ਼ਰ ਉਤੇ ਵੱਲ ਮੇਹਰਾਂ, ਮਿਹਰ ਅਸਾਂ ਲੈ ਲੀਤੀ
ਕਾਹਦੇ ਇਸ਼ਕ ਤੇ ਸਿਦਕ ਅਸਾਡੇ ਸਾਡੀ ਭੁੱਲ ਪਰੀਤੀ

ਨਾਮ ਦਾਨ ਇਸ਼ਨਾਨ ਦਾਤ ਦੇ, ਕਮੀ ਨ ਕੋਈ ਕੀਤੀ ।

ਬਿਹਾਰੀ ਨੇ ਹੁਣ ਇਕ ਹੋਰ ਸੱਦ ਲਾਈ :

ਮਨ ਅਸਵਾਰ ਪਵਨ ਕਾ ਘੋੜਾ ਅਸਾਂ ਗਗਨ ਤਮਾਸ਼ੇ ਜਾਣਾ
ਗਗਨ ਅੰਦਰ ਇਕ ਬਾਗ਼ ਅਜਾਇਬ, ਚੁਣ ਅੰਮ੍ਰਤ ਫਲ ਖਾਣਾ
ਮਿੱਠਾ ਬੋਲਣ ਤੇ ਨਾਮ ਅਰਾਧਣ ਸੀਤਲ ਪਵਣ ਫੁਹਾਰਾਂ
ਮਨ ਦੀਆਂ ਵਾਗਾਂ ਹਥ ਬਿਹਾਰੀ ਤਿਨਾ ਕਵਣ ਮਿਲੈ ਅਸਵਾਰਾ ।

ਜਿਸ ਨੇ ਮਨ ਦੀਆਂ ਵਾਗਾਂ ਆਪਣੇ ਕਾਬੂ ਵਿਚ ਰਖੀਆਂ ਹੋਣ ਉਸ ਜੇਹਾ ਸ਼ਾਹ ਸਵਾਰ ਹੋਰ ਕੌਣ ਹੋ ਸਕਦਾ ਹੈ ? ਅਜੇਹਾ ਸ਼ਾਹ ਸਵਾਰ ਅਜ ਲਖੀ ਜੰਗਲ ਨੂੰ ਭਾਗ ਲਾ ਰਿਹਾ ਹੈ । ਅਨੰਦ ਪੁਰ ਦਾ ਰਾਜ ਜੋਗ ਨਹੀਂ ਰਿਹਾ, ਸੈਂਕੜੇ ਸਿੰਘ ਸਰਸਾ ਦੀ ਬਰਫਾਨੀ ਕਾਂਗ ਦੀ ਭੇਟ ਹੋ ਗਏ ਹਨ, ਉਮਰ ਭਰ ਦਾ ਰਚਿਆ ਮਣਾਂ ਮੂੰਹੀ ਸਾਹਿਤ ਦਰਿਆ ਬੁਰਦ ਹੋ ਚੁਕਾ ਹੈ, ਜਿਗਰ ਦੇ ਟੋਟੇ ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਅਤੇ ਕਈ ਜਾਨ ਤੋਂ ਪਿਆਰੇ ਸਿੰਘ ਆਪਣੀ ਅਖੀਂ ਟੋਟੇ ੨ ਹੁੰਦੇ ਤੱਕੇ ਹਨ, ਮਾਛੂ ਵਾੜੇ ਦਾ ਦ੍ਰਿਸ਼ ਅਖਾਂ ਸਾਮ੍ਹਣੇ ਹੈ, ਦੋ ਮਾਸੂਮ ਲਾਲ ਕੰਧਾਂ ਅੰਦਰ ਚਿਣੇ ਤੇ ਜ਼ਬਹ ਕੀਤੇ ਗਏ ਹਨ, ਅੱਸੀ ਸਾਲ ਦੀ ਬਿਰਧ ਮਾਤਾ ਭੀ ਸਾਥ ਛਡ ਗਈ ਹੈ, ਬੇਦਾਵਾ ਦੇ ਗਏ ਸਿੰਘਾਂ ਨੂੰ ਜੂਝਦੇ ਤਕਿਆ ਤੇ ਬਖਸ਼ ਦਿਤਾ ਹੈ, ਪਰ ਇਹ ਸਭ ਕੁਝ ਵਰਤ ਵਰਤਾ ਕੇ ਭੀ ਲਖੀ ਜੰਗਲ ਅੰਦਰ ਅਨੰਦ ਪੁਰ ਵਾਲੀ ਚਹਿਲ ਪਹਿਲ ਰਚਾਈ ਬੈਠਾ ਇਹ 'ਮਰਦ ਅਗੰਮੜਾ' ਸਚ ਮੁਚ ਆਪਣੀ ਭਾਂਤ ਦਾ ਹੀ ਵਰਿਆਮ ਹੈ ਜੋ ਪਵਨ ਦੇ ਘੋੜੇ ਤੇ ਸਵਾਰ ਗਗਨ ਤਮਾਸ਼ੇ ਦਾ ਅਨੰਦ ਮਾਨ ਰਿਹਾ ਹੈ । ਹੋਰ ਕੇਡਾ ਕਮਾਲ ਹੈ ਕਿ ਇਹ ਸਭ ਕੁਝ ਜਾਣਦੇ ਹੋਇ ਅਤੇ ਗੁਰੂ ਗੋਬਿੰਦ ਸਿੰਘ ਨੂੰ ਮੁਗ਼ਲ ਸ਼ਾਹੀ ਦਾ ਬਾਗ਼ੀ ਸਮਝਦੇ ਹੋਏ ਭੀ ਗੁਰੂ ਕੇ ਸਿੱਖ ਵਹੀਰਾਂ ਘਤੀ ਲਖੀ ਜੰਗਲ ਨੂੰ ਆ ਰਹੇ ਹਨ, ਨ ਕਿਸੇ ਨੂੰ ਹਕੂਮਤ ਦਾ ਭੈ ਹੈ, ਨ ਮਾਰੇ ਜਾਣ ਦਾ ਡਰ, ਨ ਪੁੱਤਰਾਂ ਪ੍ਰਵਾਰਾਂ ਦਾ ਮੋਹ, ਇਕੋ ਲਗਣ ਹੈ ਕਿ ਸਤਿਗੁਰੂ ਦੇ ਦੀਦਾਰ ਹੋ ਜਾਣ ਅਤੇ ਸਮਾਂ ਬਣੇ ਤਾਂ ਗੁਰੂ ਉਤੋਂ ਆਪਾ ਨਿਛਾਵਰ ਕਰ ਦੇਈਏ—ਕੀ ਐਸਾ ਗੁਰੂ ਗੋਬਿੰਦ ਸਿੰਘ ਦੁਨੀਆ ਦੀ ਵਡੀ ਕਰਾਮਾਤ ਨਹੀਂ ? ਕਿੰਨੀ ਵਡੀ ਕ੍ਰਾਂਤੀ ਹੈ ਲੋਕਾਂ ਦੀ ਸੋਚਨੀ ਅੰਦਰ ਜਿਸ ਨੇ ਪੰਜ ਸਤ ਵਰ੍ਹਿਆਂ ਅੰਦਰ ਦੇਸ ਦੀ ਕਾਇਆ ਕਲਪ ਕਰ ਦਿਤੀ। ਧੰਨ ਹੈ ਸਤਿਗੁਰੂ ਗੋਬਿੰਦ ਸਿੰਘ ਅਤੇ ਧੰਨ ਹੈ ਉਸ ਦਾ ਬਖਸ਼ਿਆ ਆਬੇ ਹਯਾਤ

(ਅੰਮ੍ਰਿਤ) ਜਿਸ ਨੇ ਸਚ ਮੁਚ ਹੀ ਚਿੜੀਆਂ ਨੂੰ ਬਾਜ ਤੇ ਗ਼ਰੀਬ ਗਊਆਂ ਨੂੰ ਸ਼ੇਰ ਕਰ ਦਿਤਾ।

ਸਾਬੋ ਕੀ ਤਲਵੰਡੀ

ਮਾਲਵਾ ਨਿਵਾਸੀ ਹਜ਼ਾਰਾਂ ਸਿਖਾਂ ਨੇ ਇਸ ਅਸਥਾਨ ਤੇ ਖੰਡੇ ਦਾ ਅੰਮ੍ਰਿਤ ਛਕਿਆ ਅਤੇ ਖਾਲਸਾ ਸਰੂਪ ਅੰਦਰ ਪ੍ਰੋਤੇ ਗਏ, ਥੋੜੇ ਸਮੇਂ ਲਈ ਲਖੀ ਜੰਗਲ ਭੀ ਅਨੰਦ ਪੁਰ ਦਾ ਹੀ ਚਿਤਰ ਪੇਸ਼ ਕਰਦਾ ਰਿਹਾ। ਏਥੋਂ ਚਲ ਗੁਰੂ ਜੀ ਕਈ ਹੋਰ ਥਾਵਾਂ ਦੀਆਂ ਸੰਗਤਾਂ ਨੂੰ ਨਿਹਾਲ ਕਰਦੇ ਸਾਬੋ ਕੀ ਤਲਵੰਡੀ ਪਾਸ ਪੁਜ ਗਏ। ਇਥੋਂ ਦਾ ਸ੍ਰਦਾਰ ਡੱਲਾ ਆਪ ਨੂੰ ਅਗੋਂ ਜਾ ਮਿਲਿਆ ਤੇ ਇਕ ਘੋੜਾ ਤੇ ਸੌ ਰੁਪਿਆ ਭੇਟ ਕੀਤਾ। ਉਹ ਚਾਹੁੰਦਾ ਸੀ ਕਿ ਆਪ ਉਸ ਦੇ ਨਿਵਾਸ ਅਸਥਾਨ ਤੇ ਚਰਣ ਪਾਉਣ ਪਰ ਸਤਿਗੁਰੂ ਜੀ ਨੇ ਤਲਵੰਡੀ ਤੋਂ ਬਾਹਰ ਇਕ ਰੇਤਲਾ ਟਿੱਲਾ ਪਧਰਾ ਕਰਵਾ ਕੇ ਇਸ ਉਤੇ ਆਪਣੇ ਤੰਬੂ ਗਡਵਾ ਦਿਤੇ ਅਤੇ ਕਿਹਾ ਇਹ ਅਨੰਦ ਪੁਰ ਦਾ ਦਮਦਮਾ ਹੈ। ਤਦ ਤੋਂ ਇਸ ਥਾਉਂ ਦਾ ਨਾਮ ਦਮਦਮਾ ਪੈ ਗਿਆ, ਏਥੇ ਆਪ ਨੇ ਕਮਰਕਸਾ ਖੋਲ੍ਹਿਆ ਹੁਣ ਲਖੀ ਜੰਗਲ ਵਾਲੇ ਸਤਿਸੰਗ ਤੇ ਹੋਰ ਸਾਰੇ ਪ੍ਰੋਗਰਾਮ ਏਥੇ ਹੋਣੇ ਅਰੰਭ ਹੋਏ।

ਜਿਉਂ ਜਿਉਂ ਡੱਲਾ ਉਹ ਬ੍ਰਿਤਾਂਤ ਸੁਣਦਾ ਜੋ ਅਨੰਦ ਪੁਰ ਦਾ ਕਿਲ੍ਹਾ ਛਡਣ ਪਿਛੋਂ ਗੁਰੂ ਜੀ ਨਾਲ ਵਾਪਰੇ ਸਨ ਤਾਂ ਬੜਾ ਅਫਸੋਸ ਕਰਦਾ ਤੇ ਕਹਿੰਦਾ 'ਸਚੇ ਪਾਤਸ਼ਾਹ ਮੇਰੇ ਪਾਸ ਏਡੇ ੨ ਤਕੜੇ ਤੇ ਕਦਾਵਰ ਜੁਆਨ ਹਨ, ਜੇ ਤੁਸੀਂ ਮੈਨੂੰ ਉਸ ਵੇਲੇ ਯਾਦ ਕਰਦੇ ਤਾਂ ਆਪ ਵੇਖਦੇ ਕਿ ਮੇਰੇ ਜਵਾਨ ਕਿਸ ਤਰ੍ਹਾਂ ਮੁਗ਼ਲਾਂ ਦੇ ਆਹੂ ਲਾਹੁੰਦੇ'। ਇਹ ਗੱਲ ਡੱਲੇ ਨੇ ਕਈ ਵਾਰ ਸਤਿਗੁਰੂ ਜੀ ਨੂੰ ਸੁਣਾਈ, ਸਤਿਗੁਰੂ ਉਸ ਦੀ ਸ਼ੇਖੀ ਭਰੀ ਗੱਲ ਸੁਣ ਕੇ ਮੁਸਕਰਾ ਛਡਦੇ।

ਇੱਕ ਦਿਨ ਡੱਲੇ ਨਾਲ ਅਜੇਹੀ ਵਾਰਤਾਲਾਪ ਚਲ ਰਹੀ ਸੀ ਕਿ ਲਾਹੌਰ ਤੋਂ ਇਕ ਕਾਰੀਗਰ ਸਿਖ ਨੇ ਆਪਣੀ ਬਣਾਈ ਤੋੜੇਦਾਰ ਬੰਦੂਕ ਭੇਟਾ ਕੀਤੀ, ਸਤਿਗੁਰੂ ਜੀ ਨੇ ਬੰਦੂਕ ਨੂੰ ਹੱਥ ਵਿੱਚ ਲੈ ਕੇ ਇਸ ਨੂੰ ਇਉਂ ਵੇਖਣਾ ਸ਼ੁਰੂ ਕੀਤਾ ਜਿਵੇਂ ਕਿ ਆਪ ਉਸ ਦੀ ਜਾਂਚ ਕਰ ਰਹੇ ਹੁੰਦੇ ਹਨ, ਨਾਲ ਹੀ ਆਪ ਨੇ ਡੱਲੇ ਨੂੰ ਕਿਹਾ :

'ਡਲਿਆ, ਸਜਣਾ, ਲਿਆ ਦੋ ਜਵਾਨ ਅਤੇ ਅੱਗੜ ਪਿੱਛੜ ਥੋੜੀ ਵਿਥ ਤੇ

ਖੜੇ ਕਰ ਅਸੀਂ ਚਾਹੁੰਦੇ ਹਾਂ ਕਿ ਇਸ ਕਾਰੀਗਰ ਸਿਖ ਦੀ ਕਾਰਾਗਰੀ ਹੁਣੇ ਹੀ ਪਰਖ ਲਈਏ।' ਇਉਂ ਕਹਿੰਦੇ ਹੋਏ ਆਪ ਨੇ ਬੰਦੂਕ ਸਾਫ ਕਰਨ ਅਤੇ ਤੋੜਾ ਆਦਿ ਮੰਗਾਉਣ ਦੇ ਧਿਆਨ ਲਗੇ ਹੋਏ ਮਹਿਸੂਸ ਕਰਾਇਆ। ਡੱਲੇ ਨੇ ਆਪਣੇ ਜਵਾਨਾਂ ਵੱਲ ਜੋ ਕਈ ਸੰਗਤ ਵਿਚ ਹੀ ਬੈਠੇ ਸਨ ਤਕਿਆ, ਪਰ ਕੌਣ ਹੋਵੇ ਜੋ ਬੰਦੂਕ ਦਾ ਨਿਸ਼ਾਨਾ ਬਨਣ ਲਈ ਸਾਮ੍ਹਣੇ ਆਵੇ, ਬਹੁਤੇ ਤਾਂ ਵੈਸੇ ਹੀ ਸੰਗਤ ਵਿਚੋਂ ਉਠ ਕੇ ਖਿਸਕ ਗਏ. ਪਰ ਵਿਚੋਂ ਕੁਝ ਨੇ ਇਉਂ ਕਹਿਣਾ ਸ਼ੁਰੂ ਕੀਤਾ 'ਜਵਾਨਾਂ ਨੂੰ ਖੜੇ ਕਰ ਫੁੰਡਣਾ ਕਾਹਦੀ ਪਰਖ ਹੋਈ, ਨਿਸ਼ਾਨਾ ਤਾਂ ਕਿਸੇ ਹੋਰ ਚੀਜ਼ ਤੇ ਭੀ ਪਰਖਿਆ ਜਾ ਸਕਦਾ ਹੈ। ਸਾਡੀ ਪਰਖ ਕਰਨੀ ਹੈ ਤਾਂ ਸਤਿਗੁਰੂ ਕਿਸੇ ਜੰਗ ਵਿਚ ਕਰਨ' ਆਦਿ। ਡੱਲੇ ਨੇ ਭੀ ਇਉਂ ਹੀ ਸਤਿਗੁਰ ਪ੍ਰਤੀ ਕਹਿ ਦਿਤਾ। ਇਸ ਸਮੇਂ ਥੋੜੀ ਵਿਥ ਤੇ ਦੋ ਸਿੰਘ ਦਸਤਾਰਾਂ ਬੰਨ੍ਹਣ ਲਗ ਰਹੇ ਸਨ। ਗੁਰੂ ਸਾਹਿਬ ਨੇ ਆਵਾਜ਼ ਦਿਤੀ ਕਿ ਦੋਹਾਂ ਵਿਚੋਂ ਇਕ ਸਿੰਘ ਫੌਰਨ ਹਾਜ਼ਰ ਹੋਵੇ ਅਸਾਂ ਨਿਸ਼ਾਨਾ ਫੁੰਡਨਾ ਹੈ। ਉਹ ਦੋਵੇਂ ਹੀ ਅੱਗੜ ਪਿੱਛੜ ਸਤਿਗੁਰ ਜੀ ਵੱਲ ਦੌੜ ਪਏ–ਇਕ ਨੇ ਅਧੀ ਦਸਤਾਰ ਬਧੀ ਹੋਈ ਸੀ ਅਤੇ ਦੂਜਾ ਹਾਲਾਂ ਬੰਨ੍ਹਣ ਦੀ ਤਿਆਰੀ ਵਿੱਚ ਸੀ, ਉਹ ਭੀ ਗੁਥੂ ਮੁਥੂ ਪਗ ਸਿਰ ਪਰ ਰਖੀ ਉਸੇ ਤਰ੍ਹਾਂ ਦੌੜ ਪਿਆ। ਸਤਿਗੁਰੂ ਜੀ ਨੇ ਕਿਹਾ 'ਅਸਾਂ ਤਾਂ ਇਕ ਨੂੰ ਬੁਲਾਇਆ ਹੈ ਤੁਸੀਂ ਦੋਵੇਂ ਕਿਉਂ ਆਏ ਹੋ ? ਉਹ ਕਹਿਣ 'ਜੀ ਤੁਸਾਂ ਨਾਮ ਨਹੀਂ ਸੀ ਲਿਆ' ਇਕ ਕਹੇ 'ਜੀ ਮੈਂ ਨੇੜੇ ਸਾਂ ਪਹਿਲੋਂ ਮੈਂ ਆਪ ਦਾ ਹੁਕਮ ਸੁਣਿਆ ਹੈ' ਦੂਜਾ ਕਹੇ 'ਜੀ, ਮੈਂ ਪਹਿਲੋਂ ਦੌੜਿਆ ਹਾਂ' ਡੱਲਾ ਅਤੇ ਉਸ ਦੇ ਜਵਾਨ ਜੋ ਨਾਲਾਂ ਉਥੇ ਹੀ ਸਨ ਇਹ ਕੌਤਕ ਵੇਖ ਰਹੇ ਸਨ ਤੇ ਹੈਰਾਨ ਸਨ। ਡੱਲਾ ਵਿਚੇ ਵਿਚ ਹੀ ਸ਼ਰਮਸਾਰ ਹੋ ਰਿਹਾ ਸੀ। ਸਤਿਗੁਰ ਜੀ ਨੇ ਦੋਹਾਂ ਸਿਖਾਂ ਨੂੰ ਅਗੇ ਪਿਛੇ ਖੜੇ ਹੋ ਜਾਣ ਦਾ ਹੁਕਮ ਦਿਤਾ ਤੇ ਕਿਹਾ ਮੈਂ ਇਕੋ ਗੋਲੀ ਨਾਲ ਦੋਹਾਂ ਨੂੰ ਫੁੰਡ ਦੇਵਾਂਗਾ'। ਇਹ ਦੋਵੇਂ ਖੜੇ ਹੋ ਗਏ ਅਤੇ ਗੁਰੂ ਜੀ ਨੇ ਬੰਦੂਕ ਦੀ ਨਾਲੀ ਜ਼ਰਾ ਉਪਰ ਉਠਾ ਗੋਲੀ ਦੋਨਾਂ ਦੇ ਸਿਰ ਉਪਰ ਤੋਂ ਲੰਘਾ ਦਿਤੀ।

ਹੁਣ ਡੱਲੇ ਦਾ ਆਪਣੇ ਜਵਾਨਾਂ ਦੀ ਵਡਿਆਈ ਵਾਲਾ ਹੰਕਾਰ ਟੁਟ ਚੁਕਾ ਸੀ ਅਤੇ ਓਹ ਵਡੀ ਪਸ਼ੇਮਾਨੀ ਦੀ ਦਸ਼ਾ ਅੰਦਰ ਚੁਪ ਸੀ। ਸਤਿਗੁਰੂ ਉਸ ਦੀ ਇਹ ਦਸ਼ਾ ਤੱਕ ਬੋਲੇ : 'ਡਲਿਆ, ਪਿਆਰਿਆ, ਉਦਾਸ ਨ ਹੋ, ਤੇਰੇ ਜਵਾਨ ਠੀਕ ਹਨ

ਸੋਹਣੀ ਡੀਲ ਡੌਲ ਵਾਲੇ ਤੇ ਕਦਾਵਰ ਹਨ ਬਲਵਾਨ ਭੀ ਹਨ, ਚੰਗੇ ਲੜਾਕੇ ਭੀ ਹੋਣਗੇ। ਹਾਥੀ ਵਡੇ ਕੱਦ ਤੇ ਬਲ ਵਾਲਾ ਜਾਨਵਰ ਹੈ, ਸ਼ੇਰ ਵੇਖਣ ਨੂੰ ਉਸਤੋਂ ਕਿਤੇ ਹੌਲਾ ਹੈ ਪਰ ਸ਼ੇਰ ਦੀ ਧਾਂਕ ਹਾਥੀ ਨਾਲੋਂ ਬਾਹਲੀ ਹੈ, ਕਿਉਂਕਿ ਉਸਦਾ ਅੰਦਰ ਵਧੇਰੇ ਬਲਵਾਨ ਹੈ ਉਸਦੇ ਅੰਦਰ ਨਿਰਭੈਤਾ ਹੈ, ਸ੍ਵੈ ਵਿਸ਼ਵਾਸ਼ ਹੈ. ਜਿੱਤ ਪਾਉਣ ਦੀ ਦ੍ਰਿੜਤਾ ਹੈ। ਇਸੇ ਤਰ੍ਹਾਂ ਜਿਸ ਮਨੁਖ ਦਾ ਵਿਸ਼ਵਾਸ ਡੋਲਦਾ ਹੈ ਜੋ ਆਪਣੇ ਅੰਦਰੋਂ ਨਿਰਭੈ ਨਹੀਂ ਓਹ ਸਰੀਰ ਕਰਕੇ ਬਲਵਾਨ ਹੁੰਦਾ ਹੋਇਆ ਭੀ ਭੈ ਅਧੀਨ ਹੋਣ ਕਾਰਨ ਕਾਂਪ ਖਾ ਜਾਂਦਾ ਹੈ। ਸਭ ਤੋਂ ਵਡਾ ਭੈ ਹੈ ਮੌਤ ਦਾ, ਜਿਸ ਦਾ ਇਹ ਭੈ ਕਾਇਮ ਹੈ, ਉਹ ਬਲਵਾਨ ਹੁਦਾ ਹੋਇਆ ਭੀ ਜੰਗ ਅੰਦਰ ਜੂਝ ਮਰਨ ਦੇ ਭੈ ਵਿਚ ਰਹੇਗਾ—ਉਸ਼ ਦੇ ਬਲ ਨੂੰ ਉਸ ਦੇ ਅੰਦਰ ਦਾ ਭੈ ਕਟ ਦੇਵੇਗਾ। ਮਨੁਖ ਦਾ ਸਭ ਤੋਂ ਵਡਾ ਦੁਸ਼ਮਣ ਉਸ ਦੇ ਆਪਣੇ ਅੰਦਰ ਦਾ ਭੈ ਹੈ, ਜਿਸ ਨੇ ਇਸ ਭੈ ਉਤੇ ਕਾਬੂ ਪਾ ਲਿਆ ਹੈ ਓਹ ਅਸਲ ਬਲਵਾਨ ਹੈ। ਇਹ ਭੈ ਇਸ ਵਿਚਾਰ ਤੇ ਵਿਸ਼ਵਾਸ਼ ਨਾਲ ਜਿਤਿਆ ਜਾਂਦਾ ਹੈ ਕਿ ਮਨੁਖ ਦੀ ਆਤਮਾ ਤਾਂ ਅਮਰ ਹੈ ਜਿਸ ਨੇ ਕਦੀ ਮਰਨਾ ਨਹੀ, ਇਹ ਵਾਹਿਗੁਰੂ ਦੀ ਸਦਾ ਜਾਗਦੀ ਜੋਤਿ ਦੀ ਇਕ ਕਿਰਣ ਹੈ, ਜਿਸ ਨੇ ਸੂਰਜ ਦੀ ਕਿਰਣ ਵਾਂਗੂ ਦਿਨ ਭਰ ਦੇ ਪ੍ਰਕਾਸ਼ ਮਗਰੋਂ ਮੁੜ ਸੂਰਜ ਵਿਚ ਸਮਾ ਜਾਣਾ ਹੈ, ਬਲਕਿ ਜਿਸ ਤਰ੍ਹਾਂ ਸੂਰਜ ਦੀ ਹਰ ਕਿਰਣ ਇਕ ਥਾਂ ਅਸਤ ਹੋਈ ਪ੍ਰਤੀਤ ਹੁੰਦੀ ਹੋਈ ਕਿਸੇ ਦੂਜੀ ਥਾਂ ਪ੍ਰਕਾਸ਼ ਕਰ ਰਹੀ ਹੁੰਦੀ ਹੈ, ਇਉਂ ਹੀ ਸਾਡੀ ਆਤਮਾ ਜੋ ਸਰੀਰ ਦੀ ਮੌਤ ਹੋ ਜਾਣ ਨਾਲ ਇਥੇ ਅਸਤ ਹੋਈ ਲਗਦੀ ਹੈ ਕਿਸੇ ਹੋਰ ਥਾਂ ਉਦੈ ਹੋ ਚੁਕੀ ਹੈ ਜਾ ਵਾਹਿਗੁਰੂ ਰੂਪੀ ਸੂਰਜ ਅੰਦਰ ਕਿਰਣ ਵਾਂਗ ਜਾ ਸਮਾਈ ਹੈ। ਅਜੇਹਾ ਵਿਸ਼ਵਾਸ ਪੈਦਾ ਹੁੰਦਾ ਹੈ ਗੁਰੂ ਦੇ ਸ਼ਬਦ ਤੋਂ ਜੋ ਲੋਕ ਗੁਰੂ ਦੇ ਸ਼ਬਦ ਦਾ ਅਧਿਐਨ ਕਰਦੇ ਅਤੇ ਉਸ ਨੂੰ ਆਪਣੇ ਅੰਦਰ ਥਾਂ ਦੇਂਦੇ ਹਨ ਅਤੇ ਨਿਤਾਪ੍ਰਤ ਦੇ ਬਾਣੀ ਦੇ ਅਭਿਆਸ ਦੁਆਰਾ ਇਸ ਗੱਲ ਨੂੰ ਦ੍ਰਿੜ ਕਰ ਲੈਂਦੇ ਹਨ ਉਹ ਨਿਰਭੈ ਹੋ ਜਾਂਦੇ ਹਨ।

ਡੱਲਾ : ਸਤਿ ਹੈ, ਮਹਾਰਾਜ, ਜੋ ਆਪ ਕਹਿੰਦੇ ਹੋ, ਪਰ ਮਨੁਖ ਦਾ ਮਨ ਇਸ ਨੂੰ ਗ੍ਰਹਿਨ ਨਹੀਂ ਕਰਦਾ ਇਸ ਵਿਚ ਕੀ ਭੇਦ ਹੈ?

ਸਤਿਗੁਰੂ : ਡਲਿਆ! ਮਨ ਦੇ ਸੰਸੇ ਨਵਿਰਤ ਹੁੰਦੇ ਹਨ ਜੇ ਕਰ ਗੁਰੂ ਕੀ

ਸੰਗਤ ਤਥਾ ਸਤਿ ਸੰਗਤ ਕਰੀਏ ਅਤੇ ਬਾਣੀ ਵੀ ਵਿਚਾਰ ਦ੍ਰਿੜ ਹੋਵੇ। ਮਨੁਖ ਦਾ ਆਲਾ ਦੁਆਲਾ ਮਾਇਕ ਧੰਧਿਆਂ ਅੰਦਰ ਏਨਾ ਉਲਝ ਰਿਹਾ ਹੈ, ਅਤੇ ਦੁਨਿਆਵੀ ਮੋਹ ਮਾਮਤਾ ਅਤੇ ਪਦਾਰਥਕ ਪ੍ਰਾਪਤੀ ਦੀ ਤ੍ਰਿਸ਼ਨਾ ਵਿਚ ਇਹ ਏਨਾ ਖਚਤ ਹੈ ਕਿ ਇਸ ਦੀ ਬਿਰਤੀ ਇਨ੍ਹਾਂ ਤੋਂ ਉਪਰ ਉਠਦੀ ਹੀ ਨਹੀਂ, ਸਰੀਰ ਦੇ ਸੁਖਾਂ ਦੇ ਸਾਧਨ ਕਰਦਾ ਹੋਇਆ ਇਹ ਭੁੱਲ ਹੀ ਜਾਂਦਾ ਹੈ ਕਿ ਇਸ ਦੀ ਸੂਖਮ ਹੋਂਦ ਆਤਮਾ ਭੀ ਹੈ ਜਿਸ ਵੱਲ ਭੀ ਇਸ ਦਾ ਕੁਝ ਫਰਜ਼ ਹੈ। ਇਹ ਸੂਝ ਸਤ ਸੰਗਤ ਕੀਤਿਆਂ ਜਾਗਦੀ ਹੈ ਏਸੇ ਲਈ ਸਤਿਗੁਰੂ ਬਾਬਾ ਜੀ ਨੇ ਫਰਮਾਇਆ ਸੀ : 'ਹਰਿ ਕੀਰਤਿ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮਾ'। ਜੋ ਲੋਕ ਗੁਰੂ ਤਥਾ ਸਾਧੂ ਦੀ ਸੰਗਤ ਵਿਚ ਬੈਠ ਕੇ ਹਰੀ ਜਸ ਨਹੀ ਸੁਣਦੇ ਜਾਂ ਗਾਉਂਦੇ ਉਨ੍ਹਾਂ ਦੀ ਮਾਇਆ ਬਿਰਤੀ ਏਨੀ ਬਲਵਾਨ ਹੋ ਜਾਂਦੀ ਹੈ ਕਿ ਓਹ ਆਪਣੇ ਅਸਲੇ ਨੂੰ ਭੁੱਲ ਹੀ ਜਾਂਦੇ ਹਨ। ਮਾਇਆ ਕੀ ਹੈ ? 'ਇਹ ਮਾਇਆ ਜਿਤ ਹਰਿ ਵਿਸਰੈ ਮੋਹ ਉਪਜੈ ਭਾਉ ਦੂਜਾ ਲਾਇਆ' ਅਤੇ ਜਦੋਂ ਹਰੀ ਵਿਸਰ ਜਾਏ ਤਾਂ ਮਨੁਖ ਦੀ ਓਹੋ ਦਸ਼ਾ ਹੋ ਜਾਂਦੀ ਹੈ ਜੋ ਨਿਰਮਲ ਸੋਮੇਂ ਤੋਂ ਟੁਟੇ ਸ੍ਰੋਵਰ ਦੀ ਹੁੰਦੀ ਹੈ। ਜਦੋਂ ਸ੍ਰੋਵਰ ਨੂੰ ਵਗਦੇ ਪਾਣੀ ਦੀ ਨਿਰਮਲ ਧਾਰਾ ਬੰਦ ਹੋ ਜਾਵੇ ਤਾਂ ਸਮਾਂ ਪਾ ਕੇ ਸ੍ਰੋਵਰ ਗੰਦਾ ਹੋ ਜਾਂਦਾ ਅਤੇ ਅੰਤ ਨੂੰ ਸੁੱਕ ਜਾਂਦਾ ਹੈ। ਇਉਂ ਹੀ ਮਨੁਖੀ ਆਤਮਾ ਆਪਣੇ ਸੋਮੇਂ ਪਰਮ-ਆਤਮਾ ਨਾਲ ਜੁੜੀ ਰਹਿ ਕੇ ਹੀ ਸ੍ਵਅਛ ਰਹਿ ਸਕਦੀ ਹੈ, ਉਸ ਨਾਲੋਂ ਟੁਟ ਕੇ ਇਹ ਗੰਦੀ ਤੇ ਸਾਹਸ ਹੀਨ ਹੋ ਜਾਂਦੀ ਹੈ। ਇਸੇ ਲਈ ਸਿਮਰਨ ਅੰਦਰ ਜੁੜਨ ਦੀ ਵਾਰ ੨ ਤਾਕੀਦ ਕੀਤੀ ਹੈ। ਸਿਮਰਨ ਮਨੁਖੀ ਆਤਮਾ ਨੂੰ ਆਪਣੇ ਅਸਲੇ ਨਾਲ ਜੋੜਦਾ ਹੈ, ਅਤੇ ਕਿਉਂਕਿ ਓਹ ਅਸਲਾ ਆਪਣੇ ਨਿਜ ਸਰੂਪ ਵਿਚ ਨਿਰਭਉ ਤੇ ਨਿਰਵੈਰ ਹੈ ਇਸ ਲਈ ਸਿਮਰਨ ਵਿਚ ਜੁੜਿਆ ਮਨ ਨਿਰਭਉ ਤੇ ਨਿਰਵੈਰ ਭੀ ਹੋ ਜਾਂਦਾ ਹੈ ਜੋ ਬਲਵਾਨ ਹੋਣ ਦੇ ਜ਼ਰੂਰੀ ਗੁਣ ਹਨ।

ਡੱਲਾ : ਸਚੇ ਪਾਤਸ਼ਾਹੁ ! ਆਪ ਨੇ ਵਡੀ ਕਿਰਪਾ ਕੀਤੀ ਹੈ ਇਹ ਤਾਂ ਸਮਝ ਆ ਗਿਆ ਹੈ ਕਿ ਬਲਵਾਨ ਹੋਣ ਵਾਸਤੇ ਨਿਰਭੈ ਹੋਣਾ ਜ਼ਰੂਰੀ ਹੈ ਪਰ ਵੈਰ ਦੀ ਭਾਵਨਾ ਉਪਜੇ ਬਿਨਾਂ ਜੁਧ ਦਾ ਹੋਣਾ ਕਿਵੇਂ ਸੰਭਵ ਹੋ ਸਕਦਾ ਹੈ ? ਕ੍ਰੋਧ ਮੂਲ ਹੈ ਜੋਸ਼ ਦਾ ਤੇ ਜੋ ਲੜਾਈ ਜੋਸ਼ ਤੋਂ ਸਖਣੀ ਹੈ ਉਸ ਵਿਚ ਜਿੱਤ ਦਾ ਹੋਣਾ ਮੁਮਕਿਨ

ਨਹੀਂ, ਨ ਮਨ ਦੀ ਵੈਰ ਭਾਵਨਾ ਬਿਨਾਂ ਮਨ ਰੂਪਾਂਤਰ ਹੋ ਕੇ ਜੋਸ਼ ਧਾਰਨ ਕਰਦਾ ਹੈ ਆਪ ਸਿਖਾਂ ਨੂੰ ਨਿਰਵੈਰ ਹੋਣਾ ਸਿਖਾਲਦੇ ਹੋ, ਨਿਰਵੈਰ ਰਹਿਣਾ ਅਤੇ ਲੜਨਾ ਦੋ ਗਲਾਂ ਇਕੋ ਵਾਰ ਕਿਵੇਂ ਸੰਭਵ ਹਨ ?

ਸਤਿਗੁਰੂ ! ਡੱਲਿਆ, ਇਹ ਸਮਝਣ ਤੋਂ ਪਹਿਲੋਂ ਇਹ ਜਾਨਣ ਦੀ ਲੋੜ ਹੈ ਕਿ ਕਾਮ ਕ੍ਰੋਧ ਲੋਭ ਮੋਹ ਹੰਕਾਰ ਜਿਨ੍ਹਾਂ ਨੂੰ ਮਨੁਖ ਦੇ ਪੰਜ ਵਡੇ ਵੈਰੀ ਮਿਥਿਆ ਗਿਆ ਹੈ ਇਨ੍ਹਾਂ ਨੂੰ ਮਾਰਨ ਦਾ ਕੀ ਭਾਵ ਹੈ। ਜੇ ਕਰ ਇਨ੍ਹਾਂ ਨੂੰ ਮਾਰਨਾ ਇਨਾਂ ਦੀ ਅਨ ਹੋਂਦ ਕਰ ਦੇਣਾ ਹੀ ਹੈ ਤਾਂ ਅਜੇਹਾ ਮਨੁਖ ਇਕ ਸੁਨ ਦਸ਼ਾ ਤੋਂ ਵਧ ਕੁਝ ਨਹੀ ਹੋਵੇਗਾ ਜਾਂ ਇਉਂ ਕਹੋ ਕਿ ਇਹ ਮਿਟੀ ਦੇ ਬੁੱਤ ਦੀ ਨਿਆਈਂ ਹਿਸ ਰਹਿਤ ਹੋਂਦ ਹੀ ਹੋਵੇਗਾ ਜਿਸ ਦਾ ਹੋਣਾ, ਨ ਹੋਣਾ ਇਕ ਬਰਾਬਰ ਹੈ। ਐਸੀ ਹੋਂਦ ਦਾ ਕੀ ਲਾਭ ? ਜੇ ਕਰ ਮਨੁਖ ਦੇ ਅੰਦਰ ਧਰਮ ਦੇ ਸਥਾਪਨ ਅਤੇ ਅਧਰਮ ਦੇ ਵਿਣਾਸ਼ ਦੀ ਕਾਮਨਾ ਹੀ ਪੈਦਾ ਨਹੀਂ ਹੋਈ, ਜੇ ਕਰ ਦੁਸ਼ਮਣਾਂ ਵਿਚਾਲੇ ਘਿਰੀ ਅਬਲਾ ਇਸਤਰੀ ਦਾ ਸਤ ਭੰਗ ਹੁੰਦਾ ਵੇਖ ਮਨੁਖ ਦਾ ਖੂਨ ਨਹੀਂ ਖਉਲਿਆ, ਜੇ ਕਰ ਮਨੁਖ ਦਾ ਮਨ ਇਸ ਗੱਲ ਵਾਸਤੇ ਨਹੀਂ ਲਲਚਾਇਆ ਕਿ ਉਹ ਵਾਹਿਗੁਰੂ ਦੇ ਗੁਣਾਂ ਅੰਦਰ ਲੀਨ ਹੋ ਕੇ ਇਸ ਦੇ ਸੁਆਦ ਮਾਣੇ (ਇਹ ਲਾਲਚ ਹਉ ਗੁਣ ਤਉ ਉਚਰਉਂ) ਜੇ ਕਰ ਉਸ ਦੇ ਆਪਣੇ ਮਨ ਨੇ ਗੁਰੂ ਦੇ ਚਰਣਾਂ ਲਈ ਖਿੱਚ ਨਹੀਂ ਖਾਧੀ ਅਤੇ ਗੁਰੂ ਦੇ ਪਿਆਰ ਲਈ ਵਿਲਕਿਆ ਨਹੀਂ, ਜੇ ਕਰ ਖਾਲਸਾ ਹੋਣ ਦੀ ਵਡਿਆਈ ਨੇ ਉਸ ਨੂੰ ਉਚਿਆਇਆ ਨਹੀਂ, ਤਾਂ ਉਸ ਮਨੁਖ ਦਾ ਕਾਹਦਾ ਜੀਵਿਆ ਹੋਇਆ। ਕਾਮ ਕ੍ਰੋਧ ਲੋਭ ਮੋਹ ਹੰਕਾਰ ਠੀਕ ਹੀ ਵਡੇ ਵਰਿਆਮ ਹਨ ਪਰ ਜੇ ਕਰ ਇਹ ਮਨੁਖ ਦੇ ਗੋਲੇ ਬਣ ਤੁਰਣ ਤਾਂ ਓਹ ਚੰਗਾ ਕਿ ਇਨ੍ਹਾਂ ਨੂੰ ਮਾਰ ਦੇਣਾ ਚੰਗਾ ? ਡਲਿਆ, ਵੀਰਾ, ਜ਼ਰਾ ਸੋਚ, ਅਸਾਂ ਇਨ੍ਹਾਂ ਨੂੰ ਆਪਣੇ ਵੱਸ ਵਿਚ ਲਿਆ ਕੇ ਸੰਸਾਰ ਤੇ ਵਿਚਰਨਾ ਹੈ, ਇਨ੍ਹਾਂ ਦੀ ਹਕੂਮਤ ਨਹੀਂ ਸਹਿਣੀ। ਤੇਰੇ ਜਵਾਨ ਇਨ੍ਹਾਂ ਦੇ ਕਾਬੂ ਵਿਚ ਹਨ ਓਹ ਵੈਰੀ ਨਾਲ ਲੜਦੇ ਹਨ ਵੈਰੀ ਤੇ ਗੁਸਾ ਖਾ ਕੇ, ਵੈਰੀ ਉਪਰ ਜਿਤ ਪਾਉਣ ਅਤੇ ਉਸ ਦੇ ਪਦਾਰਥਾਂ ਦੀ ਮੱਲ ਮਾਰ ਲੈਣ ਦੇ ਲੋਭ ਨਾਲ, ਵੈਰੀ ਨਾਲੋਂ ਵਧੇਰੇ ਬਲਵਾਨ ਹੋਣ ਦੇ ਹੰਕਾਰ ਨਾਲ, ਉਨ੍ਹਾਂ ਦਾ ਨਿਸ਼ਾਨਾ ਕੁਝ ਪ੍ਰਾਪਤੀ ਹੈ ਜਿਸ ਦੇ ਲਈ ਉਹ ਵਿਰੋਧੀ ਨਾਲ ਵੈਰ ਵਿਹਾਜਦੇ ਹਨ।

ਉਨ੍ਹਾਂ ਦਾ ਨਿਸ਼ਾਨਾ ਕਿਸੇ ਅਸੂਲ ਜਾਂ ਧਰਮ ਦਾ ਬਹਾਲ ਕਰਨਾ ਨਹੀਂ ਹੁੰਦਾ, ਜਿਸਦ ਬਹਾਲ ਹੋ ਜਾਣ ਤੇ ਉਨ੍ਹਾਂ ਦਾ ਮਨ ਸ਼ਾਂਤ ਹੋ ਕੇ ਵੈਰ ਭਾਵਨਾ ਦਾ ਤਿਆਗ ਕਰ ਦੇਵੇ, ਉਨਾਂ ਦਾ ਅਧਰਮ ਨਾਲ ਵੈਰ ਨਹੀਂ ਹੁੰਦਾ ਸਗੋਂ ਓਹ ਅਧਰਮੀ ਨੂੰ ਵੈਰੀ ਸਮਝ ਲੈਂਦੇ ਹਨ। ਗੁਰੂ ਕੇ ਸਿਖਾਂ ਦੀ ਇਹ ਗੱਲ ਨਹੀਂ, ਸਿਖ ਲੜਦੇ ਹਨ ਧਰਮ ਦੀ ਬਹਾਲੀ ਲਈ, ਜਦੋਂ ਧਰਮ ਬਹਾਲ ਹੋ ਗਿਆ ਤਾਂ ਫਿਰ ਸਭ ਉਨ੍ਹਾਂ ਦੇ ਸੱਕੇ ਵੀਰਾਂ ਤੁੱਲ ਹਨ। ਇਉਂ ਗੁਰੂ ਨੇ ਸਿੱਖ ਨਿਰਵੈਰ ਰਹਿੰਦੇ ਹੋਏ ਲੜਾਈ ਅੰਦਰ ਜੂਝਦੇ ਹਨ, ਐਸੇ ਨਿਰਵੈਰ ਰਹਿ ਕੇ ਧਰਮ ਤਥਾ ਅਸੂਲ ਪਿਛੇ ਜੂਝਣ ਵਾਲੇ ਸਿਖ ਨੂੰ ਹੀ ਸ਼ਹੀਦ ਕਹੀਦਾ ਹੈ।

ਡੱਲਾ ਆਪਣੇ ਅੰਦਰੇ ੨ ਸਤਿਗੁਰੂ ਦੇ ਇਨ੍ਹਾਂ ਬਚਨਾਂ ਤੋਂ ਵਾਰਨੇ ਹੁੰਦਾ ਜਾ ਰਿਹਾ ਸੀ। ਸਤਿਗੁਰੂ ਬੋਲੀ ਗਏ 'ਪਰ ਡਲਿਆ, ਇਹ ਸੂਝ ਜਾਗਦੀ ਹੈ ਪੂਰੇ ਗੁਰੂ ਦੇ ਲੜ ਲਗਿਆਂ, ਜਦੋਂ ਆਪਣਾ ਆਪ ਗੁਰੂ ਦੀ ਭੇਟ ਕਰ ਦੇਈਏ। ਗੁਰੂ ਦਾ ਬਣ ਜਾਣ ਨਾਲ ਫਿਰ ਸਿਖ ਦੀ ਹਰ ਲਥੀ ਚੜ੍ਹੀ ਦੀ ਸ਼ਰਮ ਗੁਰੂ ਨੂੰ ਹੋ ਜਾਂਦੀ ਹੈ, ਗੁਰੂ ਸਿਖ ਦੇ ਅੰਦਰ ਵਸ ਜਾਂਦਾ ਹੈ ਅਤੇ ਅੰਦਰ ਬੈਠਾ ਹੋਇਆ ਗੁਰੂ ਸਿਖ ਨੂੰ ਕੁਰਾਹੇ ਨਹੀਂ ਪੈਣ ਦੇਂਦਾ। ਅਜੇਹੇ ਸਿਖ ਦੀ ਫਿਰ ਆਪਣੀ ਮਰਜ਼ੀ ਨਹੀਂ ਰਹਿੰਦੀ, ਇਹ ਗੁਰੂ ਦੀ ਮਰਜ਼ੀ ਹੋ ਜਾਂਦੀ ਹੈ ਜਿਸ ਲਈ ਸਿਖ ਠੋਕਰਾਂ ਨਹੀਂ ਖਾਂਦਾ, ਨ ਉਸ ਨੂੰ ਮਰਣ ਜੀਊਣ ਦਾ ਕੋਈ ਭੈ ਵਿਚਾਰ ਹੁੰਦਾ ਹੈ। ਫਿਰ ਓਹ ਹੁਕਮ ਦੀ ਖੇਡ ਖੇਡਦਾ ਹੈ, ਉਸਦੇ ਲਈ ਜਿੱਤ ਭੀ ਹੁਕਮ ਹੈ ਤੇ ਹਾਰ ਭੀ ਹੁਕਮ, ਦੁਖ ਭੀ ਹੁਕਮ ਹੈ ਤੇ ਸੁਖ ਭੀ ਹੁਕਮ, ਓਹ ਫਿਰ ਇਉਂ ਮੰਨ ਲੈਂਦਾ ਹੈ।

'ਦੁਖ ਨਾਹੀ ਸਭ ਸੁਖ ਹੀ ਹੈ ਰੇ ਹਾਰ ਨਹੀਂ ਸਭ ਜੇਤੇ'

ਡਲਿਆ, ਜੇ ਇਸ ਹਾਲਤ ਦਾ ਰਸ ਮਾਨਣਾ ਹਈ ਤਾਂ ਆ, ਗੁਰੂ ਦਾ ਹੋ ਜਾ, ਫਿਰ ਖੇੜਾ ਹੀ ਖੇੜਾ ਹੈ।

ਡੱਲਾ : ਪਰ ਸਤਿਗੁਰੋ, ਮੈਂ ਤਾਂ ਸਦਾ ਤੋਂ ਆਪ ਦਾ ਹੋਇਆ ਹਾਂ।

ਗੁਰੂ ਜੀ : ਤਾਂ ਫਿਰ ਆ, ਖੰਡੇ ਦਾ ਅੰਮ੍ਰਿਤ ਪਾਨ ਕਰ ਤੇ ਖਾਲਸਾ ਹੋ ਜਾ, ਜੋ ਗੁਰੂ ਦਾ ਹੈ ਓਹ ਖਾਲਸਾ ਹੈ ਅਰ ਜੋ ਖਾਲਸਾ ਹੈ ਓਹ ਗੁਰੂ ਦਾ ਹੈ।

ਡੱਲਾ : ਪਰ ਮਹਾਰਾਜ ਇਸ ਨਾਲ ਕੀ ਫਰਕ ਪੈਂਦਾ ਹੈ, ਜਦੋਂ ਮੈਂ ਗੁਰੂ ਦਾ ਹੀ ਹੋਇਆ ਤਾਂ ਮਿਠਾ ਸ਼ਰਬਤ ਪੀ ਲਿਆ ਤਾਂ ਕੀ, ਤੇ ਜੇ ਨ ਪੀਤਾ ਤਾਂ ਕੀ ਸ਼ਰਬਤ ਤਾਂ ਮੈਂ ਅਨੇਕ ਵਾਰਾਂ ਪੀਤਾ ਹੈ, ਇਕ ਵਾਰ ਹੋਰ ਪੀ ਲਵਾਂਗਾ ਤਾਂ ਕੀ ਫਰਕ ਪਵੇਗਾ ?

ਗੁਰੂ ਜੀ : ਬਸ ਡੱਲਿਆ ਐਹੋ ਹੀ ਤਾਂ ਫਰਕ ਹੈ । ਤੂੰ ਸ਼ਰਬਤ ਪੀਤੇ ਹਨ ਪਰ ਅੰਮ੍ਰਿਤ ਨਹੀਂ ਛਕਿਆ । ਅੰਮ੍ਰਿਤ ਤਾਂ ਗੁਰੂ ਦੀ ਬਖਸ਼ਸ਼ ਹੈ, ਇਹ ਗੁਰੂ ਕੀ ਛਾਪ ਹੈ ਜਿਸ ਤੇ ਲਗ ਗਈ, ਓਹ ਗੁਰੂ ਦੇ ਖਜ਼ਾਨੇ ਪੈ ਗਿਆ । ਸੋਨਾ ਚਾਂਦੀ ਖਾਲਸ ਹੁੰਦੇ ਹੋਏ ਭੀ ਛਾਪ ਬਿਨਾਂ ਖਜ਼ਾਨੇ ਪ੍ਰਵਾਣ ਨਹੀਂ ਪੈਂਦੇ, ਭਾਵੇਂ ਉਨ੍ਹਾਂ ਦਾ ਮੁੱਲ ਜਿਣਸੀ ਤੌਰ ਵਧੇਰਾ ਭੀ ਹੋਵੇ, ਖਜ਼ਾਨਚੀ ਉਨਾਂ ਨੂੰ ਖਜ਼ਾਨੇ ਦੀ ਸੂਹੜ (ਕੈਸ਼ ਬੁਕ) ਤੇ ਨਹੀਂ ਚਾੜ੍ਹਦਾ ਓਹ ਚੰਗੇ ਹੁੰਦੇ ਹੋਏ ਭੀ ਗੁਰੂ ਕੇ ਨਹੀਂ ਅਖਵਾਉਂਦੇ । ਜੋ ਗੁਰੂ ਕਾ ਹੈ ਓਹ ਖਾਲਸਾ ਹੈ, ਗੁਰੂ ਆਪੂੰ ਭੀ ਖਾਲਸਾ ਹੈ । ਜੋ ਖਾਲਸਾ ਹੈ ਓਹ ਇਕ ਸੰਪੂਰਨ ਸਰੀਰ ਦਾ ਅੰਗ ਹੈ ਜਿਵੇਂ ਸਰੀਰ ਦਾ ਕੋਈ ਅੰਗ ਕਟਿਆ ਨਹੀਂ ਜਾ ਸਕਦਾ ਅਤੇ ਜਿੰਨੀ ਦੇਰ ਸਰੀਰ ਹੈ ਉਸ ਦਾ ਹਰ ਅੰਗ ਭੀ ਸਰੀਰ ਦਾ ਭਾਗ ਹੈ, ਇਉਂ ਹੀ ਹਰ ਅੰਮ੍ਰਿਤ ਧਾਰੀ ਸਿਖ ਖਾਲਸਾ ਸਰੀਰ ਦਾ ਹਿੱਸਾ ਹੈ । ਹੁਣ ਸਰੀਰ ਦੀ ਜ਼ਿਮੇਵਾਰੀ ਹੈ ਕਿ ਆਪਣੇ ਹਰ ਅੰਗ ਨੂੰ ਨਰੋਆ ਤੇ ਸੁਰੱਖਿਅਤ ਰਖੇ, ਇਸ ਦਾ ਛੋਟੇ ਤੋਂ ਛੋਟਾ ਅੰਗ ਭੀ ਸਰੀਰ ਦੀ ਹੋਂਦ ਲਈ ਜ਼ਰੂਰੀ ਹੈ ਅਤੇ ਇਸ ਦੇ ਦੁਖੀ ਹੋਣ ਜਾਂ ਗਲਣ ਸੜਣ ਤੋਂ ਸਾਰਾ ਸਰੀਰ ਦੁਖੀ ਹੁੰਦਾ ਹੈ । ਇਸ ਤਰ੍ਹਾਂ ਹਰ ਅੰਮ੍ਰਿਤ ਧਾਰੀ ਖਾਲਸੇ ਲਈ ਅਤੇ ਖਾਲਸਾ ਹਰ ਅੰਮ੍ਰਿਤਧਾਰੀ ਸਿਖ ਲਈ ਜ਼ਰੂਰੀ ਹੋ ਜਾਂਦਾ ਹੈ । ਇਉਂ ਜੋ ਸਿਖ ਪਹਿਲੋਂ ਆਪਣੀ ਨਿਜੀ ਹੋਂਦ ਵਿਚ ਇਕੱਲਾ ਸੀ ਅੰਮ੍ਰਿਤ ਛਕ ਕੇ ਓਹ ਇਕੱਲਾ ਨਹੀਂ ਰਹਿ ਜਾਂਦਾ ।

ਫਿਰ ਖਾਲਸੇ ਦਾ ਇਕ ਰੂਪ ਹੈ । ਅੰਮ੍ਰਿਤ ਛਕ ਕੇ ਸਿਖ ਖਾਲਸੇ ਦਾ ਰੂਪ ਲੈ ਲੈਂਦਾ ਹੈ ਅਤੇ ਆਪਣੇ ਆਪ ਵਿਚ ਖਾਲਸੇ ਦੀ ਪ੍ਰਤੀਨਿਧਤਾ (ਖਾਲਸੇ ਨੂੰ represent) ਕਰਦਾ ਹੈ । ਓਹ ਜਿਥੇ ਭੀ ਹੋਵੇ ਉਸ ਦਾ ਰੂਪ ਪ੍ਰਗਟ ਕਰਦਾ ਹੈ ਕਿ ਓਹ ਖਾਲਸਾ ਹੈ, ਇਸ ਲਈ ਉਹ ਕਿਸੇ ਸਮੇਂ ਭੀ ਕੋਈ ਅਜਿਹੀ ਗੱਲ ਕਰਨ ਤੋਂ ਝਿਜਕਦਾ ਹੈ ਜੋ ਖਾਲਸੇ ਦੇ ਅਨਕੂਲ ਨਹੀਂ । ਓਹ ਆਪਣੇ ਰੂਪ ਸਦਕਾ ਆਪਣਾ

ਆਪ ਛੁਪਾ ਨਹੀਂ ਸਕਦਾ । ਜਦੋਂ ਸਾਡੇ ਪਿਤਾ ਗੁਰੂ ਤੇਗ਼ ਬਹਾਦਰ ਜੀ ਨੇ ਦਿਲੀ ਅੰਦਰ ਸੀਸ ਦਿਤਾ ਤਾਂ ਉਸ ਸਮੇਂ ਉਥੇ ਕਈ ਸਿਖ ਭੀ ਮੌਜੂਦ ਸਨ, ਪਰ ਉਨ੍ਹਾਂ ਦਾ ਪ੍ਰਗਟ ਰੂਪ ਕੋਈ ਨਹੀਂ ਸੀ ਇਸ ਲਈ ਓਹ ਸਾਰੇ ਗੈਰ ਸਿਖ ਨਾਮ ਦੇ ਪੜਦੇ ਹੇਠ ਛੁਪ ਗਏ ਅਤੇ ਕਿਸੇ ਨੇ ਗੁਰੂ ਬਾਬਾ ਜੀ ਦਾ ਸੀਸ ਜਾਂ ਧੜ ਉਠਾਉਣ ਦਾ ਹੌਸਲਾ ਨ ਕੀਤਾ, ਜੇ ਓਹ ਖਾਲਸਾ ਹੁੰਦੇ ਤਾ ਆਪਣੇ ਰੂਪ ਦੀ ਸ਼ਰਮ ਤੋਂ ਗੁਰੂ ਨੂੰ ਕੰਡ ਨ ਕਰਦੇ, ਭਾਵੇਂ ਮਾਰੇ ਹੀ ਜਾਂਦੇ । ਖਾਲਸਾ ਰੂਪ ਨ ਹੋਣ ਨੇ ਉਨ੍ਹਾਂ ਨੂੰ ਮੁਗਲ ਦਾ ਭੈ ਮੰਨ ਲੈਣ ਦੀ ਪ੍ਰੇਰਨਾ ਦਿਤੀ, ਉਹ ਨਿਰਭੈ ਨ ਰਹੇ । ਅਸਾਂ ਖਾਲਸੇ ਨੂੰ ਨਿਰਾਲਾ ਰੂਪ ਦਿਤਾ ਹੈ ਕਿ ਇਹ ਇਕੱਲਾ ਹੁੰਦਾ ਹੋਇਆ ਵੀ ਲਖਾਂ ਵਿੱਚ ਪਛਾਣਿਆ ਜਾਵੇ ਤੇ ਕਿਸੇ ਦਾ ਭੈ ਨ ਮੰਨੇ । ਇਹ ਰੂਪ ਆਪਣੇ ਆਪ ਵਿੱਚ ਨਿਰਭੈ ਹੋਣ ਦੀ ਨਿਸ਼ਾਨੀ ਹੈ ।

ਭੋਲਿਆ ਵੀਰਾ ! ਹੋਰ ਸੁਣ, ਖਾਲਸਾ ਇਕ ਵਿਸ਼ੇਸ਼ ਆਚਰਨ ਹੈ, ਅੰਮ੍ਰਿਤ ਛਕਣਾ ਉਸ ਆਚਰਣ ਨੂੰ ਕਬੂਲਨਾ ਹੈ । ਮੈਂ ਭੀ ਅੰਮ੍ਰਿਤ ਛਕ ਕੇ ਖਾਲਸਾ ਆਚਰਣ ਦਾ ਧਾਰਨੀ ਬਣਿਆ ਹਾਂ । ਮੇਰੇ ਅਤੇ ਅੰਮ੍ਰਿਤ ਛਕ ਕੇ ਖਾਲਸਾ ਸਜੇ ਸਿੰਘਾਂ ਵਿੱਚ ਨ ਰੂਪ ਦੀ ਭਿੰਨਤਾ ਰਹੀ ਹੈ, ਨ ਆਚਰਣ ਦੀ । ਅਸੀ ਸਾਰੇ ਇਕੋ ਆਚਰਣ ਵਾਲੇ ਬਣੇ ਹਾਂ । ਹੁਣ ਜੋ ਗੁਰੂ ਦਾ ਆਚਰਣ ਹੈ ਉਹ ਹੀ ਖਾਲਸਾ ਸਜੇ ਹਰ ਇਕ ਸਿਖ ਦਾ ਹੈ । ਅਸੀਂ ਆਪੋ ਵਿੱਚ ਅੰਮ੍ਰਿਤ ਦੀ ਕੜੀ ਨਾਲ ਗੰਢੇ ਹੋਏ ਹਾਂ। ਜਦੋਂ ਕੋਈ ਸਿੰਘ ਗੁਰੂ ਵਾਲੇ ਆਚਰਣ ਤੋਂ ਮੂੰਹ ਮੋੜਦਾ ਹੈ ਉਸ ਦੀ ਉਹ ਕੜੀ ਟੁਟ ਜਾਂਦੀ ਹੈ, ਉਸ ਨੂੰ ਅਸੀਂ ਗਿਰਿਆ (ਪਤਤ) ਹੋਇਆ ਸਮਝਦੇ ਅਤੇ ਉਸ ਨਾਲ ਸਾਰੇ ਸੰਬੰਧ ਤੋੜ ਲੈਂਦੇ ਹਾਂ, ਜਦੋਂ ਤਾਈਂ ਓਹ ਆਪਣੀ ਭੁੱਲ ਬਖਸ਼ਾਂ ਕੇ ਮੁੜ ਅੰਮ੍ਰਿਤ ਨ ਛਕੇ । ਸੋ ਸਿਖ ਦਾ ਗੁਰੂ ਨਾਲ ਅਤੇ ਸਮੁਚੇ ਖਾਲਸੇ ਨਾਲ ਸੰਬੰਧ ਬਣਾਏ ਰਖਣ ਲਈ ਅੰਮ੍ਰਿਤ ਕਿੰਨੀ ਜ਼ਰੂਰੀ ਚੀਜ਼ ਹੈ ।

ਅੰਮ੍ਰਿਤ ਦੀ ਇਕ ਹੋਰ ਵਡੀ ਜ਼ਰੂਰੀ ਇਹ ਗੱਲ ਹੈ ਕਿ ਅੰਮ੍ਰਿਤ ਸਾਡੇ ਅੰਦਰ ਇਹ ਵਿਸ਼ਵਾਸ਼ ਉਤਪਨ ਕਰਦਾ ਹੈ ਕਿ ਅਸੀਂ ਸਾਰੇ ਅੰਮ੍ਰਿਤ ਛਕ ਕੇ ਵਾਹਿਗੁਰੂ ਜੀ ਕਾ ਖਾਲਸਾ ਹੋ ਜਾਂਦੇ ਹਾਂ । ਇਸੇ ਲਈ ਅੰਮ੍ਰਿਤ ਛਕਣ ਸਮੇਂ ਇਹ ਨੁਕਤਾ ਅੰਮ੍ਰਿਤ ਛਕਣ

ਵਾਲੇ ਨੂੰ ਵਾਰ ੨ ਦ੍ਰਿੜ ਕਰਾਇਆ ਜਾਂਦਾ ਹੈ ਕਿ ਜਿਸ ਖਾਲਸੇ ਦਾ ਅੰਗ ਓਹ ਬਣਨ ਲਗਾ ਹੈ ਓਹ ਵਾਹਿਗੁਰੂ ਦਾ ਹੈ। ਇਹ ਸਾਧਾਰਣ ਸੂਝ ਦੀ ਗੱਲ ਹੈ ਕਿ ਜਦੋਂ ਕੋਈ ਕਿਸੇ ਦਾ ਬਣਦਾ ਹੈ ਓਹ ਉਸ ਦਾ ਭੈ, ਜ਼ਬਤ (ਡਿਸਿਪਲਨ) ਕਬੂਲ ਲੈਂਦਾ ਹੈ, ਜਿਸ ਤਰ੍ਹਾਂ, 'ਡਲਿਆ! ਤੇਰੇ ਸਿਪਾਹੀ ਤੇਰੇ ਭੈ ਅੰਦਰ ਹਨ। ਸੋ ਵਾਹਿਗੁਰੂ ਦਾ ਖਾਲਸਾ ਹੋਣਾ ਵਾਹਿਗੁਰੂ ਦਾ ਅਨੁਸਾਰੀ ਹੋਣਾ ਹੈ। ਅੰਮ੍ਰਿਤ ਦੇ ਹਰ ਘੁਟ ਤੇ ਹਰ ਛਟੇ ਨਾਲ ਅੰਮ੍ਰਿਤ ਛਕਣ ਵਾਲਾ ਸਿਖ ਇਹ ਸਵੀਕਾਰ ਕਰਦਾ ਹੈ ਕਿ ਉਹ ਵਾਹਿਗੁਰੂ ਦਾ ਹੋਇਆ ਹੈ ਇਹ ਮਣੌਤ (admittance) ਆਪਣੇ ਆਪ ਵਿਚ ਹੀ ਕਿੰਨੀ ਮਹਾਨ ਤੇ ਵਡਿਆਈ ਭਰੀ ਹੈ, ਸਾਈਂ ਵਾਲਿਆਂ ਦੀ ਸ਼ਰਮ ਸਾਈਂ ਨੂੰ ਹੁੰਦੀ ਹੈ। ਕਿਉਂਕਿ ਸਾਰੀ ਸਮਰਥਾ, ਸਾਰੀਆਂ ਸਫਲਤਾਵਾਂ ਦਾ ਮਾਲਕ ਭੀ ਵਾਹਿਗੁਰੂ ਹੈ 'ਵਾਹਿਗੁਰੂ ਜੀ ਕੀ ਫਤਹ' ਇਸ ਲਈ ਜੋ ਵਾਹਿਗੁਰੂ ਦੇ ਹੋ ਜਾਂਦੇ ਹਨ, ਫਤਹ ਉਨ੍ਹਾਂ ਦੇ ਪੈਰ ਚੁੰਮਦੀ ਹੈ। ਲੋੜ ਕੇਵਲ ਵਾਹਿਗੁਰੂ ਜੀ ਕਾ ਖਾਲਸਾ ਬਣਨ ਦੀ ਹੈ ਜਿਸ ਦਾ ਮੁਢਲਾ ਸਾਧਨ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨਾ ਹੈ।

ਹੋਰ ਸੁਣ, ਡੱਲਿਆ ਸਜਣਾ! ਅੰਮ੍ਰਿਤ ਮਿਠਾ ਸ਼ਰਬਤ ਨਹੀ ਬਲਕਿ ਸੁਮੇਲ ਹੈ–ਨਾਮ, ਬੀਰਤਾ, ਸੀਤਲਤਾ, ਬਲ ਤੇ ਮਿਠਾਸ–ਪੰਜ ਸ਼ਕਤੀਆਂ ਦਾ। ਗੁਰਬਾਣੀ, ਬੀਰਆਸਣ, ਪਾਣੀ, ਖੰਡਾ ਅਤੇ ਪਤਾਸੇ ਪਰਤੀਕ ਹਨ ਇਨ੍ਹਾਂ ਪੰਜਾਂ ਸਕਤੀਆਂ ਦੇ। ਅਸਾਂ ਖਾਲਸੇ ਨੂੰ ਨਾਮ ਰਸੀਏ, ਸ਼ਾਂਤੀ ਤੇ ਮਿਠਾਸ ਦੇ ਪੁੰਜ, ਬਲਧਾਰੀ ਜੋਧੇ ਬਣਾਇਆ ਹੈ। ਇਹ ਸੰਤ ਬਿਰਤੀ ਸਿਪਾਹੀ ਹਨ। ਇਹ ਉਦਾਰ ਚਿਤ, ਧਰਮ ਰੱਖਯਕ, ਖੜਗ ਕੇਤ ਵਾਹਿਗੁਰੂ ਉਪਰ ਪਰਪਕ ਨਿਸਚੇ ਅਤੇ ਸਰੀਰਕ ਬਲ ਦੇ ਧਾਰਨੀ ਹੋਣਗੇ ਅਤੇ ਹਮੇਸ਼ਾ ਸਾਹਿਬੀ ਵਾਲਾ ਬਿਰਦ ਪਾਲਣਗੇ। ਵਾਹਿਗੁਰੂ ਪਾਸੋਂ ਇਸ ਅੰਮ੍ਰਿਤ ਦੀ ਅਦੁਤੀ ਦਾਤ ਪ੍ਰਾਪਤ ਕਰਨ ਹਿਤ ਜਦ ਅਸਾਂ ਪੰਜ ਸੀਸ ਮੰਗੇ ਤਾਂ ਅੰਤਰਜਾਮੀ ਸਰਬ ਸਮਰਥ ਕਰਤਾ ਪੁਰਖ ਨੇ ਅਜੇਹਾ ਭਾਣਾ ਵਰਤਾਇਆ ਕਿ ਦਇਆ, ਧਰਮ, ਮੁਹਕਮਤਾ, ਹਿੰਮਤ ਅਤੇ ਸਾਹਿਬੀ ਦੀ ਬਖਸ਼ਸ਼ ਸਾਡੇ ਪਰ ਹੋਈ, ਜਿਨ੍ਹਾਂ ਤੋਂ ਅਸਾਂ ਖਾਲਸਾ ਸਾਜਿਆ। ਹੁਣ ਤੂੰ ਹੀ ਦਸ ਡੱਲਿਆ! ਜਿਥੇ ਸਾਈਂ ਆਪ ਏਨਾ ਮਿਹਰਬਾਨ ਹੋਇਆ ਹੋਵੇ ਉਸ ਦੀ ਬਖਸ਼ਸ਼ ਨੂੰ ਧੁਰੋਂ ਆਇਆ ਆਬੇ ਹਯਾਤ–ਅੰਮ੍ਰਿਤ-ਕਹਾਂਗੇ ਜਾ ਮਿਠਾ ਸ਼ਰਬਤ ?

ਡੱਲਾ ਸਤਿਗੁਰ ਜੀ ਦੇ ਬਚਨ ਸੁਣ ਨਿਹਾਲ ਹੋ ਰਿਹਾ ਸੀ ਤੇ ਬੋਲਿਆ : ਪਾਤਸ਼ਾਹ ਅਸਾਂ ਗਵਾਰ ਕੀ ਜਾਣੀਏ ਤੇਰੀਆਂ ਵਡਿਆਈਆਂ ਨੂੰ, ਬਖਸ਼ ਦੇਹ ਇਹ ਅਮੋਲਕ ਦਾਤ ਮੈਨੂੰ ਵੀ।

ਸਤਿਗੁਰੂ ਦੀ ਮਿਹਰ ਹੋਈ ਅਤੇ ਡੱਲਾ ਸਮੇਤ ਆਪਣੇ ਪ੍ਰਵਾਰ ਅਤੇ ਕਈ ਜਵਾਨਾਂ ਦੇ ਅੰਮ੍ਰਿਤ ਛਕ ਕੇ ਡੱਲ ਸਿੰਘ ਸੁਦਾਰ ਹੋਇਆ।

—o—

ਦੀਨੇ ਤੋਂ ਸਾਬੋ ਕੀ ਤਲਵੰਡੀ

ਇਹ ਟ੍ਰੈਕਟ ਹੇਠ ਲਿਖੇ ਸਜਣਾਂ ਤੇ ਸੰਸਥਾਵਾਂ ਵਲੋਂ ਮੁਫਤ ਵੰਡਿਆ ਗਿਆ :

1. ਸ੍ਰੀ ਗੁਰੂ ਸਿੰਘ ਸਭਾ, ਪਟਿਆਲਾ ।
2. ਸਿਖ ਕਲਚਰਲ ਮਿਸ਼ਨ, ਚੰਡੀਗੜ੍ਹ ।
3. ਗੁਰਮਤਿ ਪ੍ਰਚਾਰ ਸਭਾ ਡੇਹਰਾਦੂਨ ।
4. ਸ੍ਰੀ ਗੁਰੂ ਕਲਗੀਧਰ ਸੇਵਕ ਜਥਾ, ਬੀਕਾਨੇਰ ।
5. ਸ. ਸ਼ਮਸ਼ੇਰ ਸਿੰਘ ਜਾਇੰਟ ਡਾਇਰੈਕਟਰ (Rtd.) 35 ਪਬਲਿਕ ਪਾਰਕ, ਸ੍ਰੀ ਗੰਗਾ ਨਗਰ ।

ਪ੍ਰਕਾਸ਼ਕ :
ਨਰੈਣ ਸਿੰਘ
ਸਕੱਤਰ
ਗੁਰੂ ਨਾਨਕ ਮਿਸ਼ਨ,
ਪਟਿਆਲਾ ।

ਪਹਿਲੀ ਵਾਰ
1000
ਜੂਨ, 1971

ਛਾਪਕ :
ਆਰਮੀ ਪ੍ਰੈਸ,
ਪਟਿਆਲਾ ।